ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ
easyvisa
81980 95553

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਸੋਮਵਾਰ, 07 ਅਕਤੂਬਰ 2024
Email:- lokbani08@gmail.com

**ਅੱਜ ਦਾ ਸ਼ੁਭ ਵਿਚਾਰ**



ਕੋਈ ਹਾਲਾਤ ਨਹੀਂ ਸਮਝਦਾ, ਕੋਈ ਜਜ਼ਬਾਤ ਨਹੀਂ ਸਮਝਦਾ, ਗੁੱਸੇ ਨੂੰ ਤਾਂ ਹਰ ਕੋਈ ਵੇਖ ਲੈਂਦਾ, ਗੁੱਸੇ ਪਿੱਛੇ ਲੁਕਿਆ ਕੋਈ ਪਿਆਰ ਨਹੀਂ ਸਮਝਦਾ

ਕਿਮੀ ਅਰੋੜਾ


ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 118, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ
easyvisa | 81980 95553

## ਇਜ਼ਰਾਈਲ ਨੇ ਗਾਜ਼ਾ ਦੀ ਮਸਜਿਦ ਤੇ ਕੀਤਾ ਹਮਲਾ 18, ਲੋਕਾਂ ਦੀ ਹੋਈ ਮੌਤ

**ਦੀਰ ਅਲ-ਬਲਾ-ਲੋਕ ਬਾਣੀ-** ਕੇਂਦਰੀ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਐਤਵਾਰ ਤੜਕਸਾਰ ਕੀਤੇ ਇੱਕ ਹਵਾਈ ਹਮਲੇ ਵਿੱਚ ਘੱਟੋ-ਘੱਟ 18 ਲੋਕਾਂ ਵਿਅਕਤੀਆਂ ਦੀ ਮੌਤ ਹੋ ਗਈ। ਫਲਸਤੀਨੀ ਮੈਡੀਕਲ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। 'ਅਲ-ਅਕਸਾ ਸ਼ਹੀਦ ਹਸਪਤਾਲ' ਨੇ ਦੱਸਿਆ ਕਿ ਦੀਰ ਅਲ-ਬਲਾ ਸ਼ਹਿਰ ਵਿੱਚ ਹਸਪਤਾਲ ਨੇੜੇ ਮਸਜਿਦ 'ਚ ਸ਼ਰਨ ਲੈਣ ਵਾਲੇ ਸ਼ਰਨਾਰਥੀਆਂ 'ਤੇ ਹਮਲਾ



ਕੀਤਾ ਗਿਆ। 'ਐਸੋਸੀਏਟਿਡ ਪ੍ਰੈੱਸ' ਦੇ ਇੱਕ ਪੱਤਰਕਾਰ ਨੇ ਮੁਰਦਾਘਰ 'ਚ ਲਾਸ਼ਾਂ ਦੀ ਗਿਣਤੀ ਕੀਤੀ। ਹਸਪਤਾਲ ਦੇ ਰਿਕਾਰਡ ਤੋਂ ਪਤਾ ਲੱਗਾ ਹੈ ਕਿ ਮਾਰੇ ਗਏ ਸਾਰੇ ਜਣੇ ਪੁਰਸ਼ ਸਨ।

## ਅੱਜ ਦਿੱਲੀ ਦੀ ਹਾਈਕੋਰਟ ਚ ਹੋਵੇਗੀ ਉਮਰ ਖਾਲਿਦ ਦੀ ਜ਼ਮਾਨਤ ਦੀ ਸੁਣਵਾਈ

**ਦਿੱਲੀ , ਲੋਕ ਬਾਣੀ**--ਦਿੱਲੀ ਹਾਈ ਕੋਰਟ ਉੱਤਰੀ ਪੂਰਬੀ ਦਿੱਲੀ 'ਚ 2020 'ਚ ਹੋਏ ਫਿਰਕੂ ਦੰਗਿਆਂ ਦੀ ਕਥਿਤ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਯੂਏਪੀਏ ਤਹਿਤ ਗ੍ਰਿਫ਼ਤਾਰ ਜੇਐੱਨਯੂ (ਜਵਾਹਰਲਾਲ ਨਹਿਰੂ ਯੂਨੀਵਰਸਿਟੀ) ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ ਦੀ ਜ਼ਮਾਨਤ ਅਰਜ਼ੀ 'ਤੇ ਸੋਮਵਾਰ 7 ਅਕਤੂਬਰ ਨੂੰ ਸੁਣਵਾਈ ਕਰੇਗੀ। ਮਾਮਲਿਆਂ 'ਚ ਸਹਿ ਮੁਲਜ਼ਮ ਵਿਦਿਆਰਥੀ ਕਾਰਕੁਨ ਸ਼ਰਜੀਲ ਇਮਾਮ ਅਤੇ ਗੁਲਫਿਸ਼ਾ ਫਾਤਿਮਾ, 'ਯੂਨਾਈਟਿਡ ਅਗੇਂਸਟ ਹੇਟ' ਦੇ ਬਾਨੀ ਖਾਲਿਦ ਸੈਫੀ ਅਤੇ ਹੋਰਨਾਂ ਦੀਆਂ ਜ਼ਮਾਨਤ ਅਰਜ਼ੀਆਂ ਵੀ



ਜਸਟਿਸ ਨਵੀਨ ਚਾਵਲਾ ਅਤੇ ਜਸਟਿਸ ਸੁਰੇਸ਼ ਕੁਮਾਰ ਕੈਤ ਦੀ ਅਗਵਾਈ ਵਾਲੇ ਬੈਂਚ ਅੱਗੇ ਨਵੇਂ ਸਿਰੇ ਤੋਂ ਸੁਣਵਾਈ ਲਈ ਸੂਚੀਬੱਧ ਕੀਤੀਆਂ ਗਈਆਂ ਹਨ।


B.N REAL ESTATE
( ਪ੍ਰਾਪਰਟੀ ਡੀਲਰ )
ਐਗਰੀਕਲਚਰ ਲੈਂਡ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ |



91000-79-579 | 98141-92-632
Shop No 5,Adda Kapur Pind,Opp IndusInd Bank,Jalandhar.

## ਪ੍ਰਿਯੰਕਾ ਗਾਂਧੀ ਦਾ ਆਇਆ ਆਈਐਮਪੀਸੀਐਲ ਨੂੰ ਲੈ ਕੇ ਵੱਡਾ ਬਿਆਨ

ਚੰਡੀਗੜ੍ਹ, ਵਿਨੋਦ ਸ਼ਰਮਾ-- ਕਾਂਗਰਸ ਦੀ ਮਹਿਲਾ ਆਗੂ ਪ੍ਰਿਅੰਕਾ ਗਾਂਧੀ ਨੇ ਇੰਡੀਅਨ ਮੈਡੀਸਨ ਫਾਰਮਾਸਿਊਟੀਕਲ ਕਾਰਪੋਰੇਸ਼ਨ ਲਿਮਟਿਡ (ਆਈਐੱਮਪੀਸੀਐੱਲ) ਦੀ ਕਥਿਤ ਨਿੱਜੀਕਰਨ ਦੀ ਯੋਜਨਾ ਨੂੰ ਲੈ ਕੇ ਅੱਜ ਮੋਦੀ ਸਰਕਾਰ ਦੀ ਨਿਖੇਧੀ ਕੀਤੀ ਅਤੇ ਹੈਰਾਨੀ ਜਤਾਈ ਕਿ 'ਆਪਣੇ ਚੋਣਵੇਂ ਮਿੱਤਰਾਂ ਦੇ ਖਜ਼ਾਨੇ ਭਰਨ' ਤੋਂ ਸਿਵਾਏ ਇਸ



ਦਾ ਹੋਰ ਕੀ ਮਨੋਰਥ ਹੋ ਸਕਦਾ ਹੈ। ਕਾਂਗਰਸ ਦੀ ਜਨਰਲ ਸਕੱਤਰ ਨੇ ਇਹ ਟਿੱਪਣੀ ਅਜਿਹੀਆਂ ਰਿਪੋਰਟਾਂ ਦੌਰਾਨ ਮਗਰੋਂ ਕੀਤੀ ਹੈ ਜਿਨ੍ਹਾਂ 'ਚ ਕਿਹਾ ਗਿਆ ਹੈ

## ਭਾਰਤ ਦੀ ਮਹਿਲਾ ਕ੍ਰਿਕਟ ਟੀਮ ਨੇ ਟੀ-20 ਵਿਸ਼ਵ ਕੱਪ ਜਿੱਤਿਆ

**ਦੁਬਈ, ਲੋਕ ਬਾਣੀ**--ਅਰੁੰਧਤੀ ਰੈੱਡੀ (ਤਿੰਨ ਵਿਕਟਾਂ) ਅਤੇ ਸ਼੍ਰੇਅੰਕਾ ਪਾਟਿਲ (ਦੋ ਵਿਕਟਾਂ) ਦੀ ਅਗਵਾਈ ਹੇਠ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਸ਼ੈਫਾਲੀ ਵਰਮਾ ਅਤੇ ਹਰਮਨਪ੍ਰੀਤ ਕੌਰ ਦੀ ਸ਼ਾਨਦਾਰ ਬੱਲੇਬਾਜ਼ੀ ਸਦਕਾ ਭਾਰਤ ਨੇ ਮਹਿਲਾ ਟੀ-20 ਵਿਸ਼ਵ ਕੱਪ ਦੇ ਗਰੁੱਪ-ਏ ਮੈਚ ਵਿੱਚ ਅੱਜ ਇੱਥੇ ਪਾਕਿਸਤਾਨ ਨੂੰ ਛੇ ਵਿਕਟਾਂ ਨਾਲ ਹਰਾ ਦਿੱਤਾ। ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਨੇ ਅੱਠ ਵਿਕਟਾਂ



'ਤੇ 105 ਦੌੜਾਂ ਬਣਾਈਆਂ। ਭਾਰਤ ਨੇ 18.5 ਓਵਰਾਂ ਵਿੱਚ ਚਾਰ ਵਿਕਟਾਂ 'ਤੇ 108 ਦੌੜਾਂ ਬਣਾ ਕੇ ਟੀਚਾ ਹਾਸਲ ਕਰ ਲਿਆ

ਨਿਊਜ਼ੀਲੈਂਡ ਖ਼ਿਲਾਫ਼ ਆਪਣੇ ਸ਼ੁਰੂਆਤੀ ਮੈਚ 'ਚ ਵੱਡੀ ਹਾਰ ਝੱਲਣ ਤੋਂ ਬਾਅਦ ਭਾਰਤੀ ਟੀਮ ਲਈ ਆਪਣੀ ਨੈੱਟ ਰਨ ਰੇਟ ਸੁਧਾਰਨ ਲਈ ਇਹ ਮੈਚ 11.2 ਓਵਰਾਂ 'ਚ ਜਿੱਤਣਾ ਜ਼ਰੂਰੀ ਸੀ ਪਰ ਟੀਮ ਸੰਘਰਸ਼ ਕਰਦੀ ਨਜ਼ਰ ਆਈ। ਦੋ ਮੈਚਾਂ 'ਚ ਪਹਿਲੀ ਜਿੱਤ ਨਾਲ ਭਾਰਤੀ ਟੀਮ ਗਰੁੱਪ ਟੇਬਲ 'ਚ ਪੰਜਵੇਂ ਤੋਂ ਚੌਥੇ ਸਥਾਨ 'ਤੇ ਪਹੁੰਚ ਗਈ ਹੈ। ਪਾਕਿਸਤਾਨ ਹਾਰ ਦੇ ਬਾਵਜੂਦ ਤੀਜੇ ਸਥਾਨ 'ਤੇ ਹੈ।

## ਪੰਜਾਬ ਵਿੱਚ ਨਾਮਜ਼ਦਗੀ ਰੱਦ ਹੋਣ ਦੇ ਰੋਸ ਕਾਰਨ ਸਰਪੰਚੀ ਦਾ ਉਮੀਦਵਾਰ ਟੈਂਕੀ ਤੇ ਚੱੜਿਆ

**ਮਹਿਲ ਕਲਾਂ, ਲੋਕ ਬਾਣੀ**-- ਪਿੰਡ ਚੀਮਾ ਵਿੱਚ ਸਰਪੰਚ ਦੀ ਚੋਣ ਲਈ ਉਮੀਦਵਾਰ ਨਾਮਜ਼ਦਗੀ ਪੱਤਰ ਰੱਦ ਹੋਣ ਦੇ ਰੋਸ ਵਜੋਂ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਟੈਂਕੀ ਉਪਰ ਚੜ੍ਹ ਗਿਆ ਜਦਕਿ ਉਸ ਦੇ ਸਮਰਥਕਾਂ ਨੇ ਟੈਂਕੀ ਦੇ ਹੇਠਾਂ ਸਰਕਾਰ ਅਤੇ ਪ੍ਰਸ਼ਾਸਨ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪ੍ਰਦਰਸ਼ਨਕਾਰੀ ਨਿਰੰਜਣ



ਸਿੰਘ ਨੇ ਦੱਸਿਆ ਕਿ ਉਸ ਨੇ ਸਰਪੰਚੀ ਲਈ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ ਪਰ ਵਿਰੋਧੀ ਉਮੀਦਵਾਰ ਦੀ ਕਥਿਤ ਸਿਆਸੀ ਪਹੁੰਚ ਕਾਰਨ ਉਸ ਦੇ ਨਾਮਜ਼ਦਗੀ ਪੱਤਰ ਰੱਦ ਕੀਤੇ ਗਏ ਹਨ।

## ਆਪ ਸਰਕਾਰ ਚ ਆਪ ਦੇ ਵਿਧਾਇਕ ਨੇ ਪੁਲਿਸ ਖ਼ਿਲਾ.ਫ ਲਾਇਆ ਧਰਨਾ


**ਅੰਮ੍ਰਿਤਸਰ, ਲੋਕ ਬਾਣੀ** -- ਪੰਜਾਬ ਵਿੱਚ ਆਪ ਸਰਕਾਰ ਆਉਣ ਤੋ ਬਾਅਦ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ ਰੋਜ਼ ਲੁੱਟਾਂ ਖੋਹਾਂ ਗੋਲੀਆਂ ਗੈਂਗਵਾਰ ਫਿਰੌਤੀ ਨਸ਼ਾ ਭ੍ਰਿਸ਼ਟਾਚਾਰ ਦੇ ਮਾਮਲੇ ਆਮ ਹੋ ਗਏ ਹਨ ਪਰ ਹੁਣ ਆਮ ਪਾਰਟੀ ਦੇ ਵਿਧਾਇਕ ਨੂੰ ਪੁਲਿਸ ਖ਼ਿਲਾ.ਫ ਧਰਨਾ ਲਾਉਣਾ ਪਿਆ ਮਾਮਲਾ ਪੁਲਿਸ ਥਾਣਾ ਰਾਜਾਸਾਂਸੀ ਅਧੀਨ ਪੈਂਦੇ ਪਿੰਡ ਬੱਲ ਸਚੰਦਰ ਦੀ ਆਬਾਦੀ ਦਾ ਹੈ ਜਿਥੇ ਇਕ ਜਾਇਦਾਦ ਦੇ ਅਦਾਲਤੀ ਕੇਸ ਚੱਲਣ ਦੇ ਬਾਵਜੂਦ ਪੁਲਿਸ ਪ੍ਰਸ਼ਾਸਨ ਵਲੋਂ ਅਸਲ ਮਾਲਿਕਾਂ ਨਾਲ ਕੀਤੀ



ਜਾ ਰਹੀ ਧੱਕੇਸ਼ਾਹੀ ਖਿਲਾਫ ਵਿਧਾਨ ਸਭਾ ਹਲਕਾ ਅਟਾਰੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਵਲੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ ਦੇ ਟੀ-ਪੁਆਇੰਟ ਵਿਖੇ ਧਰਨਾ ਲਗਾਇਆ ਗਿਆ।

## ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ

**ਲੁਧਿਆਣਾ, ਲੋਕ ਬਾਣੀ**-- ਇੱਥੇ ਬੀਤੀ ਦੇਰ ਰਾਤ ਧਾਂਦਰਾਂ ਰੋਡ 'ਤੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਆਦਰਸ਼ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈਮੇਲ ਮਿਲੀ। ਇਸ ਮਗਰੋਂ ਪੁਲੀਸ ਦੇ ਸੀਨੀਅਰ ਅਧਿਕਾਰੀ ਅਤੇ ਬੰਬ ਨਿਰੋਧਕ ਦਸਤੇ ਦੇ ਨਾਲ-ਨਾਲ ਖੋਜੀ



ਕੁੱਤਿਆਂ ਦੀ ਟੀਮ ਵੀ ਮੌਕੇ 'ਤੇ ਪਹੁੰਚ ਗਈ। ਸਕੂਲ ਦੀ ਤਲਾਸ਼ੀ ਲਈ ਗਈ। ਜਾਂਚ ਦੌਰਾਨ ਪੁਲੀਸ ਨੇ ਨਾਬਾਲਗ ਨੂੰ ਹਿਰਾਸਤ ਵਿੱਚ ਲੈ ਲਿਆ।

## ਪੈਨਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਮਸਲੇ ਵਿਚਾਰੇ

**ਸ਼ਾਹਕੋਟ, ਲੋਕ ਬਾਣੀ** -ਪੈਨਸ਼ਨਰ ਐਸੋਸੀਏਸ਼ਨ ਪਾਵਰਕੌਮ ਟਰਾਂਸਕੋ ਸ਼ਹਿਰੀ ਅਤੇ ਸਬ ਅਰਬਨ ਮੰਡਲ ਨਕੋਦਰ ਦੀ ਮਹੀਨਾਵਾਰ ਮੀਟਿੰਗ ਜਸਵੰਤ ਰਾਏ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੈਨਸ਼ਨਰ ਐਸੋਸੀਏਸ਼ਨ ਨੂੰ ਮੀਟਿੰਗਾਂ ਕਰਨ ਦਾ ਵਾਰ-ਵਾਰ ਸਮਾਂ ਦੇ ਕੇ ਮੀਟਿੰਗ ਨਾ ਕਰਨ ਦੀ ਨਿਖੇਧੀ ਕੀਤੀ ਗਈ। ਆਗੂਆਂ ਦੱਸਿਆ



ਕਿ ਪੰਜਾਬ ਸਰਕਾਰ, ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰ ਕੇ ਮੁਲਾਜ਼ਮਾਂ ਨਾਲ ਵੱਡਾ ਧੋਖਾ ਕਰ ਰਹੀ ਹੈ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਚ ਦੇਰ ਰਾਤ ਆਈ ਹਨੇਰੀ ਕਾਰਨ ਡਿੱਗਿਆ ਜਾਗਰਣ ਦਾ ਪੰਡਾਲ, 2 ਮਹਿਲਾਵਾਂ ਦੀ ਹੋਈ ਮੌਤ, 15 ਜ਼ਖਮੀ



ਲੁਧਿਆਣਾ-(ਲੋਕ ਬਾਣੀ) ਪੰਜਾਬ ਦੇ ਲੁਧਿਆਣਾ ਵਿੱਚ ਸ਼ਨੀਵਾਰ ਦੇਰ ਰਾਤ ਆਏ ਹਨੇਰੀ ਕਾਰਨ ਦੇਵੀ ਜਾਗਰਣ ਲਈ ਲਾਇਆ ਗਿਆ ਪੰਡਾਲ ਢਹਿ ਗਿਆ। ਜਿਸ ਕਾਰਨ ਕੁਚਲਣ ਨਾਲ ਦੋ ਔਰਤਾਂ ਦੀ ਮੌਤ ਹੋ ਗਈ, ਜਦੋਂ ਕਿ ਕਰੀਬ 15 ਲੋਕ ਜ਼ਖ਼ਮੀ ਹੋ ਗਏ। ਜ਼ਖਮੀਆਂ ਚ ਜ਼ਿਆਦਾਤਰ ਬੱਚੇ ਦੱਸੇ ਜਾ ਰਹੇ ਹਨ। ਸਾਰਿਆਂ ਦਾ ਹਸਪਤਾਲ ਚ ਇਲਾਜ ਚੱਲ ਰਿਹਾ ਹੈ।ਪੰਡਾਲ ਢਹਿ ਜਾਣ ਕਾਰਨ ਮੌਕੇ ਤੇ ਮੌਜੂਦ ਭਗਵਾਨ ਭੋਲੇਨਾਥ ਦੀ ਮੂਰਤੀ ਵੀ ਡਿੱਗ ਗਈ ਅਤੇ ਟੁੱਟ ਗਈ। ਇਸ ਤੋਂ ਇਲਾਵਾ ਤੂਫਾਨ ਦੌਰਾਨ ਕਈ ਥਾਵਾਂ ਤੇ ਦਰੱਖਤ ਡਿੱਗਣ ਅਤੇ ਬਿਜਲੀ ਦੇ ਖੰਭੇ ਡਿੱਗਣ ਦੀਆਂ ਵੀ ਖਬਰਾਂ ਹਨ।

ਲੁਧਿਆਣਾ ਦੇ ਹੰਬੜਾ ਰੋਡ 'ਤੇ ਸ਼੍ਰੀ ਗੋਵਿੰਦ ਗੋਧਾਮ ਮੰਦਿਰ ਨੇੜੇ ਇਹ ਹਾਦਸਾ ਵਾਪਰਿਆ ਹੈ। ਇੱਥੇ ਦਵਾਰਕਾ ਐਨਕਲੇਵ ਵਿੱਚ ਰਹਿੰਦੇ ਲੋਕਾਂ ਵੱਲੋਂ ਮੰਦਰ ਦੇ ਪਿੱਛੇ ਸਥਿਤ ਗਰਾਊਂਡ ਵਿੱਚ ਦੇਵੀ ਜਾਗਰਣ ਕਰਵਾਇਆ ਗਿਆ। ਗਾਇਕਾ ਪੱਲਵੀ ਰਾਵਤ ਨੂੰ ਗੀਤ ਗਾਉਣ ਲਈ ਬੁਲਾਇਆ ਗਿਆ। ਸ਼ਨੀਵਾਰ ਰਾਤ ਨੂੰ ਇੱਥੇ ਹਰ ਕੋਈ ਨੱਚ ਰਿਹਾ ਸੀ ਅਤੇ ਗਾ ਰਿਹਾ ਸੀ। ਗਾਇਕਾ ਪੱਲਵੀ ਰਾਵਤ ਮਾਤਾ ਨੂੰ ਭੇਟਾ ਗਾ ਰਹੀ ਸੀ। ਇਸ ਦੌਰਾਨ ਰਾਤ ਕਰੀਬ 2 ਵਜੇ ਤੇਜ਼ ਹਨੇਰੀ ਆਈ। ਜਿਵੇਂ ਹੀ ਤੂਫਾਨ ਆਇਆ, ਸਾਰਾ ਕੁਝ ਖਿੱਲਰ ਗਿਆ ।

ਮੌਕੇ ਤੇ ਮੌਜੂਦ ਲੋਕਾਂ ਨੇ ਦੱਸਿਆ ਹੈ ਕਿ ਤੂਫਾਨ ਤੋਂ ਬਾਅਦ ਜਦੋਂ ਲੋਕ ਉੱਠ ਕੇ ਜਾਣ ਲੱਗੇ ਤਾਂ ਗਾਇਕ ਅਤੇ ਜਾਗਰਣ ਪਾਰਟੀ ਨੇ ਉਨ੍ਹਾਂ ਨੂੰ ਉਥੇ ਬਿਠਾ ਦਿੱਤਾ। ਕਿਹਾ ਕੁਝ ਨਹੀਂ ਹੋਵੇਗਾ। ਬੈਠੇ ਰਹੋ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਸਾਰੇ ਬੱਚੇ ਅਤੇ ਔਰਤਾਂ ਪਿੱਛੇ ਬੈਠ ਗਏ।ਕੁਝ ਸਮੇਂ ਬਾਅਦ ਹਵਾ ਤੇਜ਼ ਹੋ ਗਈ ਅਤੇ ਜਾਗਰਣ ਪਾਰਟੀ ਵੱਲੋਂ ਲਾਇਆ ਗਿਆ ਪੰਡਾਲ ਢਹਿ ਗਿਆ। ਇਸ ਦੌਰਾਨ ਸਾਹਮਣੇ ਬੈਠੇ ਲੋਕ ਉਸ ਦੇ ਹੇਠਾਂ ਦੱਬ ਗਏ। ਢਾਂਚਾ ਲੋਹੇ ਦਾ ਬਣਿਆ ਹੋਇਆ ਸੀ ਜਿਸ ਕਾਰਨ ਲੋਕਾਂ ਨੂੰ ਗੰਭੀਰ ਸੱਟਾਂ ਲੱਗੀਆਂ। ਜਿਵੇਂ ਹੀ ਢਾਂਚਾ ਡਿੱਗਿਆ, ਤੇਜ਼ ਹਵਾ ਦੇ ਵਿਚਕਾਰ ਚਾਰੇ ਪਾਸੇ ਚੀਕ-ਚਿਹਾੜਾ ਪੈ

# ਪੰਜਾਬ ਵਿਜੀਲੈਂਸ ਦਾ ਵੱਡਾ ਐਕਸ਼ਨ ! ਸੀਨੀਅਰ ਅਫ਼ਸਰ 40,000 ਰਿਸ਼ਵਤ ਲੈਂਦਾ ਗ੍ਰਿਫ਼ਤਾਰ

ਚੰਡੀਗੜ੍ਹ (ਲੋਕ ਬਾਣੀ) ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਤਰਸੇਮ ਸਿੰਘ, ਫਾਇਰ ਅਫਸਰ, ਬਰਨਾਲਾ ਨੂੰ 40,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਸ਼ਿਕਾਇਤਕਰਤਾ ਹਰਦੇਵ ਸਿੰਘ ਵਾਸੀ ਪਿੰਡ ਝਾੜੋਂ, ਤਹਿਸੀਲ ਸੁਨਾਮ ਜਿਲ੍ਹਾ ਸੰਗਰੂਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਕਿ ਉਸਨੇ ਅਨਾਜ ਮੰਡੀ ਬਰਨਾਲਾ ਦੇ ਸਾਹਮਣੇ ਇੱਕ ਹੋਟਲ ਦੀ ਉਸਾਰੀ ਲਈ ਪਲਾਟ ਖਰੀਦਿਆ ਸੀ।

ਅੱਗ ਬੁਝਾਊ ਵਿਭਾਗ ਤੋਂ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਨ ਬਦਲੇ ਦੋਸ਼ੀ 50,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਸੀ, ਪਰ ਸੌਦਾ 40,000 ਰੁਪਏ ਵਿੱਚ ਤਹਿ ਹੋਇਆ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਉਕਤ ਫਾਇਰ ਅਫਸਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 40,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

ਇਸ ਸਬੰਧੀ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਗਈ ਹੈ।

# ਪੰਚਾਇਤੀ ਚੋਣਾਂ ਦੇ ਨਾਮਜ਼ਦਗੀ ਪੱਤਰ ਰੱਦ ਹੋਣ ਤੇ ਲੋਕਾਂ ਨੇ ਰੋਸ ਵਜੋਂ ਖਰੜ- ਚੰਡੀਗੜ੍ਹ ਹਾਈਵੇਅ ਕੀਤਾ ਜਾਮ



ਮੋਹਾਲੀ:-(ਲੋਕ ਬਾਣੀ)ਪੰਚਾਇਤੀ ਚੋਣਾਂ ਵਿੱਚ ਪੰਚ ਤੇ ਸਰਪੰਚ ਉਮੀਦਵਾਰਾਂ ਦੇ ਨਾਮਜਦਗੀ ਪੱਤਰਾਂ ਨੂੰ ਸੱਤਾਧਾਰੀ ਧਿਰ ਦੇ ਇਸ਼ਾਰੇ ਤੇ ਅਫਸਰਸ਼ਾਹੀ ਵੱਲੋਂ ਕੈਂਸਲ ਕਰਨ ਦੇ ਦੋਸ਼ ਲਗਾ ਕੇ ਭਾਵੇਂ ਪੰਜਾਬ ਦੇ ਵਿੱਚ ਕਈ ਥਾਵਾਂ ਤੇ ਤਰ੍ਹਾਂ-ਤਰ੍ਹਾਂ ਦੇ ਪ੍ਰਦਰਸ਼ਨ ਜਾਰੀ ਹਨ । ਅੱਜ ਸਵੇਰੇ ਪਿੰਡ ਚੱਪੜਚਿੜੀ ਵਿੱਚ ਵੀ ਨਾਮਜਦਗੀ ਪੱਤਰ ਕੈਂਸਲ ਕਰਨ ਵਿਰੁੱਧ ਰੋਸ ਪ੍ਰਦਰਸ਼ਨ ਜਾਰੀ ਹੈ। ਲੋਕਾਂ ਵੱਲੋਂ ਖਰੜ ਚੰਡੀਗੜ੍ਹ ਦੇ ਰਾਜਮਾਰਗ ਉਪਰ ਸਵਰਾਜ ਟਰੈਕਟਰ ਕੰਪਨੀ ਦੇ ਸਾਹਮਣੇ ਜਾਮ ਲਗਾ ਦਿੱਤਾ ਹੈ। ਇਸ ਮੌਕੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਮੋਹਾਲੀ ਤੋਂ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ ਸੱਤਾਧਾਰੀ ਧਰ ਤੇ ਦੋਸ ਲਾਉਂਦਿਆ ਕਿਹਾ ਕਿ ਅਫਸਰ ਸਾਹੀ ਕਠਪੁਤਲੀ ਬਣ ਕੇ ਲੋਕਤੰਤਰ ਦਾ ਕਤਲ ਕਰ ਰਹੀ ਹੈ। ਜਾਮ ਵਿੱਚ ਲੋਕ ਭਾਰੀ ਪਰੇਸ਼ਾਨ ਹੋ ਰਹੇ ਹਨ । ਇਸ ਸਮੇਂ ਮੌਕੇ ਤੇ ਪੁੱਜੇ ਤਹਸੀਲਦਾਰ ਵੱਲੋਂ ਜਾਮ ਖਿਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਪੰਜਾਬ ਵਿੱਚ ਅੱਧੀ ਰਾਤ ਵਾਪਰਿਆ ਹਾਦਸਾ, ਸਵਾਰੀਆਂ ਨਾਲ ਭਰੀ PRTC ਬੱਸ ਪਲਟੀ




(ਲੋਕ ਬਾਣੀ) ਸੰਗਰੂਰ ਤੋਂ ਬਹੁਤ ਹੀ ਦੁਖਦਾਈ ਖਬਰ ਆ ਰਹੀ ਹੈ। ਪਤਾ ਲੱਗਾ ਹੈ ਕਿ ਇੱਕ ਪੀ.ਆਰ.ਟੀ.ਸੀ. ਬੱਸ ਪਲਟ ਗਈ, ਜਿਸ ਵਿੱਚ 20 ਤੋਂ 21 ਦੇ ਕਰੀਬ ਸਵਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ।

ਜਾਣਕਾਰੀ ਅਨੁਸਾਰ ਬੱਸ ਪਟਿਆਲਾ ਤੋਂ ਬਠਿੰਡਾ ਜਾ ਰਹੀ ਸੀ, ਹਾਦਸੇ ਸਮੇਂ ਬੱਸ ਵਿੱਚ 50 ਦੇ ਕਰੀਬ ਸਵਾਰੀਆਂ ਸਵਾਰ ਸਨ, ਜਿਨ੍ਹਾਂ ਵਿੱਚੋਂ 20 ਤੋਂ 21 ਗੰਭੀਰ ਜ਼ਖ਼ਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਜਦੋਂ ਬੱਸ ਨਜ਼ਦੀਕੀ ਹਨੀ ਢਾਬੇ ਕੋਲ ਪੁੱਜੀ ਤਾਂ ਅਚਾਨਕ ਇੱਕ ਟੈਂਕਰ ਸੜਕ ਤੇ ਆ ਗਿਆ, ਜਿਸ ਨਾਲ ਟਕਰਾਅ ਤੋਂ ਬਚਾਅ ਦੇ ਚੱਕਰ ਚ ਬੱਸ ਦਾ ਸੰਤੁਲਨ ਵਿਗੜ ਗਿਆ ਅਤੇ ਇਹ ਹਾਦਸਾ ਵਾਪਰ ਗਿਆ। ਮੌਕੇ 'ਤੇ ਪੁੱਜੀ ਪੁਲਿਸ ਟੀਮ ਨੇ ਜ਼ਖ਼ਮੀਆਂ ਨੂੰ ਭਵਾਨੀਗੜ੍ਹ ਦੇ ਸਿਵਲ ਹਸਪਤਾਲ ਪਹੁੰਚਾਇਆ। ਫਿਲਹਾਲ ਹਦਸੇ ਚ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ।

# ਮੁੰਬਈ ਚ ਘਰ ਨੂੰ ਅੱਗ ਲੱਗਣ ਕਾਰਨ ਇੱਕ ਪਰਿਵਾਰ ਦੇ 7 ਜੀਆਂ ਦੀ ਹੋਈ ਮੌਤ, ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦਾ ਖਦਸ਼ਾ



ਮੁੰਬਈ-(ਲੋਕ ਬਾਣੀ) ਮੁੰਬਈ ਦੇ ਚੇਂਬੂਰ ਇਲਾਕੇ ਚ ਸਿਧਾਰਥ ਕਾਲੋਨੀ ਚ 3 ਮੰਜ਼ਿਲਾ ਇਮਾਰਤ ਚ ਅੱਗ ਲੱਗ ਗਈ, ਜਿਸ ਕਾਰਨ ਇਕ ਹੀ ਪਰਿਵਾਰ ਦੇ 3 ਬੱਚਿਆਂ ਸਮੇਤ 7 ਲੋਕ ਝੁਲਸ ਗਏ। ਘਟਨਾ ਐਤਵਾਰ ਸਵੇਰੇ 5:20 ਵਜੇ ਦੀ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਗਰਾਊਂਡ ਫਲੋਰ ਤੇ ਬਣੀ ਦੁਕਾਨ ਨੂੰ ਅੱਗ ਲੱਗ ਗਈ। ਸੂਚਨਾ ਮਿਲਣ ਤੇ ਫਾਇਰ ਬ੍ਰਿਗੇਡ ਮੌਕੇ ਤੇ ਪਹੁੰਚ ਗਈ। ਕੁਝ ਹੀ ਸਮੇਂ ਵਿੱਚ ਅੱਗ ਉਪਰਲੀ ਮੰਜ਼ਿਲ ਤੱਕ ਪਹੁੰਚ ਗਈ ਪਰ ਉੱਥੇ ਰਹਿੰਦੇ ਲੋਕਾਂ ਨੂੰ ਬਚਾਇਆ ਨਹੀਂ ਜਾ ਸਕਿਆ। ਫਾਇਰ ਬ੍ਰਿਗੇਡ ਨੇ ਰਾਤ ਕਰੀਬ 9 ਵਜੇ ਅੱਗ ਤੇ ਕਾਬੂ ਪਾਇਆ, ਜਿਸ ਤੋਂ ਬਾਅਦ ਅੰਦਰ ਫਸੇ ਸਾਰੇ 7 ਲੋਕਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਹਾਲਾਂਕਿ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੈ। ਸ਼ਾਰਟ ਸਰਕਟ ਕਾਰਨ ਦੁਕਾਨ ਚ ਧਮਾਕਾ ਹੋ ਗਿਆ ਅਤੇ ਅੱਗ ਪੂਰੀ ਇਮਾਰਤ ਚ ਫੈਲ ਗਈ।

ਮ੍ਰਿਤਕਾਂ ਦੀ ਪਛਾਣ ਪੈਰਿਸ ਗੁਪਤਾ (7 ਸਾਲ), ਮੰਜੂ ਪ੍ਰੇਮ ਗੁਪਤਾ (30 ਸਾਲ), ਅਨੀਤਾ ਗੁਪਤਾ (39 ਸਾਲ), ਪ੍ਰੇਮ ਗੁਪਤਾ (30 ਸਾਲ) ਅਤੇ ਨਰਿੰਦਰ ਗੁਪਤਾ (10 ਸਾਲ), ਵਿਧੀ ਗੁਪਤਾ (15 ਸਾਲ) ਅਤੇ ਗੀਤਾ ਦੇਵੀ ਵਜੋਂ ਹੋਈ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਲਾਸ਼ਾਂ ਬੁਰੀ ਤਰ੍ਹਾਂ ਸੜ ਚੁੱਕੀਆਂ ਸਨ। ਅੱਗ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਭੱਜਣ ਦਾ ਮੌਕਾ ਨਹੀਂ ਮਿਲਿਆ।

ਇਮਾਰਤ ਦੇ ਅੰਦਰ ਜਾਣ ਦਾ ਇੱਕੋ ਇੱਕ ਰਸਤਾ ਮੀਡੀਆ ਰਿਪੋਰਟਾਂ ਮੁਤਾਬਕ ਘਰ ਦੇ ਅੰਦਰ ਜਾਣ ਦਾ ਇੱਕੋ ਇੱਕ ਰਸਤਾ ਸੀ। ਅੱਗ ਦੀਆਂ ਤੇਜ਼ ਲਪਟਾਂ ਦੇਖ ਕੇ ਗੁਆਂਢੀ ਅੰਦਰ ਫਸੇ ਪਰਿਵਾਰ ਨੂੰ ਨਹੀਂ ਬਚਾ ਸਕੇ। ਫਾਇਰ ਬ੍ਰਿਗੇਡ ਵੀ ਘਰ ਦੇ ਬਾਹਰੋਂ ਅੱਗ ਬੁਝਾਉਣ ਵਿੱਚ ਕਾਮਯਾਬ ਰਹੀ। ਅੱਗ ਬੁਝਾਉਣ ਤੱਕ ਉਹ ਅੰਦਰ ਨਹੀਂ ਜਾ ਸਕੇ। ਇਸ ਕਾਰਨ ਪਰਿਵਾਰ ਨੂੰ ਸਮੇਂ ਸਿਰ ਬਚਾਇਆ ਨਹੀਂ ਜਾ ਸਕਿਆ।

# ਜਲੰਧਰ: ਪੁਲਿਸ ਮੈਡੀਕਲ ਕਰਵਾਉਣ ਗਈ ਕੈਦੀ ਭੀੜ ਦਾ ਫਾਇਦਾ ਉਠਾ ਕੇ ਹੋਇਆ ਫਰਾਰ



ਜਲੰਧਰ-(ਲੋਕ ਬਾਣੀ) ਪੰਜਾਬ ਦੇ ਜਲੰਧਰ ਸਿਵਲ ਹਸਪਤਾਲ ਤੋਂ ਥਾਣਾ ਜੀਆਰਪੀ ਦੀ ਹਿਰਾਸਤ ਵਿੱਚੋਂ ਇੱਕ ਕੈਦੀ ਫਰਾਰ ਹੋ ਗਿਆ। ਪੁਲਿਸ ਨੇ ਇਸ ਸਬੰਧੀ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਵਿੱਚ ਥਾਣਾ ਡਵੀਜ਼ਨ ਨੰਬਰ-4 ਦੀ ਪੁਲੀਸ ਨੇ ਐਸਐਚਓ ਇੰਸਪੈਕਟਰ ਪਲਵਿੰਦਰ ਸਿੰਘ ਦੇ ਬਿਆਨਾਂ 'ਤੇ ਮੁਲਜ਼ਮ ਸੁਖਵੀਰ ਸਿੰਘ ਉਰਫ਼ ਸੁੱਖਾ ਪੁੱਤਰ ਮੰਗਾ ਵਾਸੀ ਬਸਤੀ ਸੈਦਪੁਰ, ਤਲਵੰਡੀ, ਜ਼ਿਲ੍ਹਾ ਕਪੂਰਥਲਾ ਖ਼ਿਲਾਫ਼ ਧਾਰਾ 262 ਤਹਿਤ ਕੇਸ ਦਰਜ ਕਰ ਲਿਆ ਹੈ। ਫਿਲਹਾਲ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ, ਪੁਲਸ ਦੋਸ਼ੀਆਂ ਦੀ ਭਾਲ ਚ ਜੁਟੀ ਹੋਈ ਹੈ।

ਇੰਸਪੈਕਟਰ ਪਲਵਿੰਦਰ ਸਿੰਘ ਦੇ ਬਿਆਨਾਂ ਤੇ ਦਰਜ ਕੀਤੀ ਗਈ ਐਫਆਈਆਰ ਵਿੱਚ ਕਿਹਾ ਗਿਆ ਹੈ ਕਿ ਉਕਤ ਮੁਲਜ਼ਮਾਂ ਖ਼ਿਲਾਫ਼ ਸਾਲ 2022 ਵਿੱਚ ਜਲੰਧਰ ਜੀਆਰਪੀ ਦੀ ਪੁਲੀਸ ਵੱਲੋਂ ਆਈਪੀਸੀ ਦੀ ਧਾਰਾ 379, 411 ਅਤੇ 201 ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਮੁਲਜ਼ਮ ਫਰਾਰ ਸੀ। ਕੱਲ੍ਹ ਯਾਨੀ ਸ਼ਨੀਵਾਰ ਨੂੰ ਜੀਆਰਪੀ ਥਾਣੇ ਦੇ ਪੁਲੀਸ ਅਧਿਕਾਰੀ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਅਤੇ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਵਾਉਣ ਲਈ ਪੁੱਜੇ ਸਨ।

ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਜਦੋਂ ਮੁਲਜ਼ਮ ਨੂੰ ਸਿਵਲ ਹਸਪਤਾਲ ਜਲੰਧਰ ਲਿਆਂਦਾ ਗਿਆ ਤਾਂ ਹਸਪਤਾਲ ਵਿੱਚ ਭਾਰੀ ਭੀੜ ਸੀ। ਇਸ ਦਾ ਫਾਇਦਾ ਉਠਾਉਂਦੇ ਹੋਏ ਦੋਸ਼ੀ ਪੁਲਸ ਨੂੰ ਚਕਮਾ ਦੇ ਕੇ ਉਥੋਂ ਫਰਾਰ ਹੋ ਗਏ। ਮੁਲਜ਼ਮ ਦੀ ਕਾਫੀ ਦੇਰ ਤੱਕ ਭਾਲ ਕੀਤੀ ਗਈ ਪਰ ਕੁਝ ਨਹੀਂ ਮਿਲਿਆ। ਜਿਸ ਤੋਂ ਬਾਅਦ ਮਾਮਲੇ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਥਾਣਾ 4 ਦੀ ਪੁਲਸ ਨੇ ਮੌਕੇ ਤੇ ਪਹੁੰਚ ਕੇ ਜਾਂਚ ਤੋਂ ਬਾਅਦ ਮਾਮਲਾ ਦਰਜ ਕਰ ਲਿਆ ਹੈ।

# ਬਰਨਾਲਾ ਤੋਂ ਸਾਹਮਣੇ ਆਈ ਲੁੱਟਖੋਹ ਦਾ ਮਾਮਲਾ, 10 ਮੀਟਰ ਤੱਕ ਕੁੜੀ ਨੂੰ ਘਸੀਟਿਆ



ਬਰਨਾਲਾ (ਲੋਕ ਬਾਣੀ) ਸਥਾਨਕ ਬੱਸ ਸਟੈਂਡ ਰੋਡ ਤੇ ਬਾਈਕ ਸਵਾਰ ਦੋ ਨਕਾਬਪੋਸ਼ ਵਿਅਕਤੀਆਂ ਨੇ ਸੜਕ ਤੇ 16 ਏਕੜ ਵਾਲੀ ਸੁਵਿਧਾ ਦੇ ਸਾਹਮਣੇ ਦੋ ਨਕਾਬਪੋਸ਼ ਬਾਈਕ ਸਵਾਰ ਨੌਜਵਾਨਾਂ ਨੇ ਸੜਕ ਤੇ ਪੈਦਲ ਜਾ ਰਹੀ ਇਕ ਲੜਕੀ ਤੋਂ ਬੈਗ ਖੋਹਣ ਦੀ ਕੋਸ਼ਿਸ਼ ਕੀਤੀ । ਜਦੋਂ ਲੜਕੀ ਬੈਗ ਬਚਾਉਣ ਲੱਗੀ ਤਾਂ ਬਾਈਕ ਸਵਾਰ ਨਕਾਬਪੋਸ਼ ਵਿਅਕਤੀ ਉਸ ਨੂੰ 10 ਮੀਟਰ ਤੱਕ ਘਸੀਟਦਾ ਲੈ ਗਿਆ, ਜਿਸ ਕਾਰਨ ਲੜਕੀ ਗੰਭੀਰ ਜ਼ਖਮੀ ਹੋ ਗਈ। ਇਸ ਦੌਰਾਨ ਉਸ ਦੇ ਸਿਰ ਤੇ ਪੰਜ ਟਾਂਕੇ ਲੱਗੇ। ਮੌਕੇ ਤੇ ਲੋਕਾਂ ਨੇ ਉਸ ਨੂੰ ਸਰਕਾਰੀ ਹਸਪਤਾਲ ਚ ਦਾਖਲ ਕਰਵਾਇਆ।

ਘਟਨਾ ਸਥਾਨ ਦੇ ਆਸ-ਪਾਸ ਦੇ ਦੁਕਾਨਦਾਰ ਭਾਗਵਤ ਰਾਏ ਨੇ ਇਸ ਘਟਨਾ ਤੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਜਿਸ ਜਗ੍ਹਾ ਤੇ ਹਰ ਰੋਜ਼ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਜਿੱਥੇ ਅਣਗਿਣਤ ਬਾਈਕ ਸਵਾਰ ਬਾਹਰ ਘੁੰਮਦੇ ਰਹਿੰਦੇ ਹਨ, ਉੱਥੇ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਦਿਆਂ ਇਨ੍ਹਾਂ ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਸ ਦੇ ਨਾਲ ਹੀ ਲੁਟੇਰਿਆਂ ਅਤੇ ਚੋਰਾਂ ਨੂੰ ਨੱਥ ਪਾਈ ਜਾਵੇ।

# ਅੰਮ੍ਰਿਤਸਰ ਦੀ ਪੁਲਿਸ ਨੇ ਨਸ਼ਾ ਤਸਕਰ ਅਤੇ ਇੱਕ ਕਤਲ ਦੇ ਕੇਸ ਵਿੱਚ ਭਗੋੜੇ ਨੂੰ ਕੀਤਾ ਗ੍ਰਿਫਤਾਰ



ਅੰਮ੍ਰਿਤਸਰ-(ਲੋਕ ਬਾਣੀ) ਪੰਜਾਬ ਵਿੱਚ ਲਗਾਤਾਰ ਇਹ ਨਸ਼ਾ ਪੂਰਾ ਪੈਰ ਪਸਾਰਦਾ ਹੋਇਆ ਨਜ਼ਰ ਆ ਰਿਹਾ ਹੈ ਉਥੇ ਹੀ ਦੂਸਰੇ ਪਾਸੇ ਪੰਜਾਬ ਪੁਲਿਸ ਵੱਲੋਂ ਵੀ ਆਪਣੀ ਚੌਕਸੀ ਪੂਰੀ ਇਕੱਠੀ ਹੋਈ ਹੈ ਅਤੇ ਨਸ਼ਾ ਵੇਚਣ ਵਾਲੇ ਅਤੇ ਖਰੀਦਣ ਵਾਲਿਆਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਦੇ ਤਹਿਤ ਅੰਮ੍ਰਿਤਸਰ ਦੀ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਿਲ ਹੋਈ ਜਦੋਂ ਉਹਨਾਂ ਵੱਲੋਂ ਗੁਪਤ ਸੂਚਨਾ ਦੇ ਆਧਾਰ ਤੇ ਦੋ ਆਰੋਪੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਹਨਾਂ ਕੋਲੋਂ 100 ਗ੍ਰਾਮ ਹੈ ਹੈਰੋਇਨ ਅਤੇ 9 ਲੱਖ ਰੁਪਏ ਦੇ ਕਰੀਬ ਡਰੱਗ ਮਨੀ ਬਰਾਮਦ ਕੀਤੀ ਗਈ। ਫੜੇ ਗਏ ਆਰੋਪੀਆਂ ਤੋਂ ਹੁਣ ਪੁਲਿਸ ਵੱਲੋਂ ਖੁਸ਼ਕਿਸ ਕੀਤੀ ਜਾ ਰਹੀ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਇਹਨਾਂ ਦੇ ਖਿਲਾਫ ਹੋਰ ਕਿੰਨੇ ਅਪਰਾਧਿਤ ਮਾਮਲੇ ਹਨ ਉਸ ਨੂੰ ਜਾਂਚ ਕੀਤੀ ਜਾ ਰਹੀ ਹੈ।

ਪੰਜਾਬ ਵਿੱਚ ਵੱਧ ਰਹੇ ਨਸ਼ੇ ਦੇ ਕਾਰੋਬਾਰ ਨੂੰ ਠੱਲ ਪਾਉਣ ਵਾਸਤੇ ਪੰਜਾਬ ਦੇ ਡੀਜੀਪੀ ਵੱਲੋਂ ਪੰਜਾਬ ਪੁਲਿਸ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਜਿਸ ਲੜੀ ਦੇ ਤਹਿਤ ਅੰਮ੍ਰਿਤਸਰ ਦੀ ਪੁਲਿਸ ਵੱਲੋਂ ਵੀ ਜਗ੍ਹਾ ਜਗ੍ਹਾ ਤੇ ਨਾਕੇਬੰਦੀਆਂ ਕਰ ਡਰੱਗ ਵੇਚਣ ਵਾਲੇ ਅਤੇ ਖਰੀਦਣ ਵਾਲੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਇਸ ਲੜੀ ਦੇ ਤਹਿਤ ਅੱਜ ਅੰਮ੍ਰਿਤਸਰ ਦੀ ਪੁਲਿਸ ਵੱਲੋਂ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨਾਂ ਕੋਲੋਂ 100 ਗ੍ਰਾਮ ਹੈਰੋਇਨ ਅਤੇ 9 ਲੱਖ ਦੇ ਕਰੀਬ ਡਰੱਗ ਮਣੀ ਬਰਾਮਦ ਕੀਤੀ ਗਈ ਹੈ ਉਥੇ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡੀਸੀਪੀ ਲੋ ਐਨ ਆਰਡਰ ਨੇ ਜਾਣਕਾਰੀ ਦਿੱਤੀ ਕਿ ਅੰਮ੍ਰਿਤਸਰ ਦੇ ਸੀਆਈ ਸਟਾਫ ਵੱਲੋਂ ਇਹ ਗੁਪਤ ਸੂਚਨਾ ਦੇ ਆਧਾਰ ਤੇ ਨਾਕੇਬੰਦੀ ਕੀਤੀ ਗਈ ਸੀ ਅਤੇ ਨਾਕਾਬੰਦੀ ਦੇ ਦੌਰਾਨ ਇਹਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਹਨਾਂ ਦੇ ਵਿੱਚ ਇੱਕ ਦੋਸ਼ੀ ਦੇ ਖਿਲਾਫ ਪਹਿਲਾ ਵੀ ਨਸ਼ਾ ਤਸਕਰੀ ਦੇ ਮਾਮਲੇ ਹਨ ਅਤੇ ਪੁਲਿਸ ਵੱਲੋਂ ਹੋਰ ਵੀ ਡਿਮਾਂਡ ਹਾਸਿਲ ਕਰਕੇ ਇਹਨਾਂ ਤੋਂ ਪੁੱਛਕਿਛ ਕੀਤੀ ਜਾਵੇਗੀ ਤਾਂ ਜੋ ਕਿ ਇਹਨਾਂ ਦੇ ਖਿਲਾਫ ਹੋਰ ਕੀ ਕੀ ਅਪਰਾਧਿਕ ਮਾਮਲਾ ਹੈ ਉਸ ਦੀ ਵੀ ਜਾਣਕਾਰੀ ਮਿਲ ਸਕੇ ਉਥੇ ਇਹਨਾਂ ਨੇ ਕਿਹਾ ਕਿ ਇੱਕ ਇਸ ਵਿਅਕਤੀ ਨੂੰ ਇਹ ਨਸ਼ਾ ਵੇਚਣ ਜਾ ਰਹੇ ਸਨ ਜਾਂ ਖਰੀਦਣ ਵਾਸਤੇ ਜਾ ਰਹੇ ਸਨ ਇਹ ਹਾਲੇ ਦੱਸਣਾ ਸੰਭਵ ਨਹੀਂ ਹੈ ਅਤੇ ਜਲਦ ਹੀ ਇਸ ਉੱਤੋਂ ਮੇ ਜਲਦ ਪੜਦਾ ਚੁੱਕਿਆ ਜਾਵੇਗਾ ਹਾਲਾਂਕਿ ਪੁਲਿਸ ਵੱਲੋਂ ਇੱਕ ਪੁਰਾਣੇ ਕਤਲ ਦੇ ਕੇਸ ਵਿੱਚ ਇੱਕ ਵਿਅਕਤੀ ਜੋਗੇ ਲੜਦਾ ਸੀ ਉਸ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਪੁਲਿਸ ਦਾ ਕਹਿਣਾ ਹੈ ਕਿ ਇਸ ਵਿੱਚ ਸੱਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਸਲਾਖਾ ਪਿੱਛੇ ਭੇਜ ਦਿੱਤਾ ਗਿਆ ਹੈ।

# ਰਾਮਲੀਲਾ ਕਮੇਟੀ ਪੁੱਡਾ ਮਾਰਕਿਟ ਵੱਲੋਂ ਸਿਟੀ ਇੰਚਾਰਜ ਏ ਐਸ ਆਈ ਜਸਮੇਰ ਸਿੰਘ ਦਾ ਕੀਤਾ ਵਿਸ਼ੇਸ਼ ਸਨਮਾਨ

## ਰਾਮਲੀਲਾ ਦੌਰਾਨ ਪੁਲਿਸ ਪ੍ਰਸ਼ਾਸ਼ਨ ਦਾ ਮਿਲ ਰਿਹਾ ਪੂਰਾ ਸਹਿਯੋਗ - ਬਲਰਾਮ ਪਰਾਸ਼ਰ



ਸ਼੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ) ਰਾਮਲੀਲਾ ਕਮੇਟੀ ਪੁੱਡਾ ਮਾਰਕਿਟ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਸ਼੍ਰੀ ਰਾਮਲੀਲਾ ਮੰਚਨ ਬੀਤੀ 3 ਅਕਤੂਬਰ ਤੋਂ ਪੁੱਡਾ ਮਾਰਕਿਟ ਵਿਖੇ ਸ਼ੁਰੂ ਕੀਤਾ ਗਿਆ ਜਿਸ ਵਿੱਚ ਇਲਾਕੇ ਦੇ ਵੱਖ ਵੱਖ ਪਿੰਡਾਂ ਤੇ ਕਸਬਿਆਂ ਤੋਂ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਸੰਗਤਾਂ ਰਾਮਲੀਲਾ ਦੇਖਣ ਲਈ ਆਉਂਦੀਆਂ ਹਨ ਤੇ ਵੱਡੀ ਗਿਣਤੀ ਵਿੱਚ ਆਉਂਦੀਆਂ ਸੰਗਤਾਂ ਦੀ ਸੁਵਿਧਾ ਲਈ ਤੇ ਸ਼ਾਂਤੀ ਸੁਰੱਖਿਆ ਬਣਾਏ ਰੱਖਣ ਲਈ ਪੁਲੀਸ ਪ੍ਰਸ਼ਾਸ਼ਨ ਦੇ ਸਾਥ ਬਹੁਤ ਜਰੂਰਤ ਹੁੰਦੀ ਹੈ ਤੇ ਪੁਲੀਸ ਪ੍ਰਸ਼ਾਸ਼ਨ ਰਾਮਲੀਲਾ ਕਮੇਟੀ ਦਾ ਹਰ ਸੰਭਵ ਸਾਥ ਵੀ ਦਿੰਦਾ ਰਹਿੰਦਾ ਹੈ

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਕਮੇਟੀ ਮੈਂਬਰ ਬਲਰਾਮ ਪਰਾਸ਼ਰ ਨੇ ਦੱਸਿਆ ਕਿ ਰਾਮਲੀਲਾ ਮੰਚਨ ਦੌਰਾਨ ਤੀਜੇ ਦਿਨ ਤਾੜਕਾ ਵੱਧ ਤੇ ਕਈ ਹੋਰ ਮੌਕਿਆ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਮੰਚਨ ਦੇਖਣ ਲਈ ਰੋਜ਼ਾਨਾ ਆਉਂਦੀਆਂ ਹਨ ਤੇ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਜਿੱਥੇ ਕਮੇਟੀ ਵੱਲੋਂ ਵੀ ਪੂਰਾ ਧਿਆਨ ਰੱਖਿਆ ਜਾਂਦਾ ਹੈ ਤੇ ਸ਼੍ਰੀ ਰਾਮ ਲੀਲ੍ਹਾ ਮੰਚਨ ਦੇ ਦੌਰਾਨ ਕਲੱਬ ਦੇ ਪ੍ਰਧਾਨ ਰਾਮ ਪਰਾਸ਼ਰ ਬਿੱਲਾ ਭੁਪਿੰਦਰ ਸੋਨੂੰ ਗੋਪਾਲ ਗੌਰੀ ਸਾਹਿਬ ਪਾਬਲਾ ਧਰੂਪਲ ਪਰਾਸ਼ਰ ਅਭੀ ਬ੍ਰਾਹਮਣ ਵੱਲੋਂ ਸ਼੍ਰੀ ਰਾਮ ਜੀ ਦੇ ਨਾਮ ਦਾ ਸਿਰੋਪਾ ਭੇਟ ਕਰਕੇ ਸਿਟੀ ਇੰਚਾਰਜ ਸ੍ਰ: ਜਸਮੇਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ

ਬਲਰਾਮ ਪਰਾਸ਼ਰ ਨੇ ਦੱਸਿਆ ਕਿ ਵੱਡੇ ਇਕੱਠੇ ਨੂੰ ਕੰਟਰੋਲ ਵਿੱਚ ਰੱਖਣ ਲਈ ਰੋਜ਼ਾਨਾ ਸਿਟੀ ਇੰਚਾਰਜ ਸ: ਜਸਮੇਰ ਸਿੰਘ ਆਪਣੇ ਸਾਥੀਆਂ ਸਮੇਤ ਪੰਹੁਚ ਦੇ ਹਨ ਤੇ ਖੁਦ ਆਪਣੀ ਨਿਗਰਾਨੀ ਵਿੱਚ ਕਾਰਜ਼ ਕਰਦੇ ਹਨ, ਬਲਰਾਮ ਪਰਾਸ਼ਰ ਨੇ ਕਲੱਬ ਵੱਲੋਂ ਜਿਲ੍ਹਾ ਰੂਪਨਗਰ ਦੇ ਐਸ.ਐਸ.ਪੀ ਗੁਲਨੀਤ ਸਿੰਘ ਖੁਰਾਨਾ, ਸ਼੍ਰੀ ਅਨੰਦਪੁਰ ਸਾਹਿਬ ਦੇ ਡੀ.ਐਸ.ਪੀ ਅਜੇ ਸਿੰਘ, ਐੱਸ.ਐਚ.ਓ ਦਾਨਿਸ਼ ਵੀਰ ਸਿੰਘ ਤੇ ਸਿਟੀ ਇੰਚਾਰਜ ਗੁਰਮੁੱਖ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪੂਰੇ ਪੁਲੀਸ ਪ੍ਰਸ਼ਾਸ਼ਨ ਵੱਲੋਂ ਉਨਾਂ ਨੂੰ ਹਰ ਤਰਾਂ ਦੀ ਮਦਦ ਤੇ ਸਾਥ ਮਿਲਦਾ ਹੈ ਤੇ ਉਹ ਆਸ ਕਰਦੇ ਹਨ ਕਿ ਅੱਗੇ ਵੀ ਪੁਲੀਸ ਪ੍ਰਸ਼ਾਸਨ ਉਨਾਂ ਦਾ ਪੂਰਾ ਸਾਥ ਦੇਵੇਗਾ ਇਸ ਮੌਕੇ ਤੇ ਸੰਜੂ, ਰਾਜਨ, ਕਿਸ਼ਨ ਜਗੋਤਾ, ਮਨੁ ਸ਼ਰਮਾ, ਸ਼ੋਰਆ ਬੱਸੀ ਤੇ ਹੋਰ ਹਾਜ਼ਿਰ ਰਹੇ

# ਸੁਰਿੰਦਰ ਦੁੱਗਲ ਵੱਲੋਂ ਬਾਲ ਕ੍ਰਿਸ਼ਨ ਦੇਵਗਨ ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਨਿਯੁਕਤ



ਅੰਮ੍ਰਿਤਸਰ(ਲੋਕ ਬਾਣੀ) ਆਲ ਇੰਡੀਆ ਆਰਗਨਾਈਜੇਸ਼ਨ ਕੈਮਿਸਟ ਐਂਡ ਡਰੱਗਜ਼ ਨਾਲ ਸੰਬੰਧਿਤ ਪੰਜਾਬ ਕੈਮਿਸਟ ਐਸੋਸੀਏਸ਼ਨ (ਰਜਿ.) ਦੀ ਬੈਠਕ ਕਟੜਾ ਸ਼ੇਰ ਸਿੰਘ ਵਿਖੇ ਪ੍ਰਧਾਨ ਸੁਰਿੰਦਰ ਦੁੱਗਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਦੌਰਾਨ ਕੈਮਿਸਟਾਂ ਦੇ ਹੱਕ ਵਿੱਚ ਚੰਗੀ ਸੋਚ ਰੱਖਣ ਅਤੇ ਵਧੀਆ ਉਪਰਾਲੇ, ਸਾਥੀਆਂ ਨੂੰ ਚੰਗੀਆਂ ਸੇਵਾਵਾਂ ਦੇਣ ਵਾਲੇ ਬਾਲ ਕ੍ਰਿਸ਼ਨ ਦੇਵਗਨ ਨੂੰ ਪੰਜਾਬ ਕੈਮਿਸਟ ਐਸੋਸੀਏਸ਼ਨ ਦਾ ਸੈਕਟਰੀ ਨਿਯੁਕਤ ਕੀਤਾ ਗਿਆ। ਪ੍ਰਧਾਨ ਸੁਰਿੰਦਰ ਦੁੱਗਲ ਵੱਲੋਂ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕੰਮਾਂ ਤੇ ਚਾਨਣਾ ਪਾਉਂਦੇ ਹੋਏ ਨਵੇਂ ਬਣੇ ਸੈਕਟਰੀ ਬਾਲ ਕ੍ਰਿਸ਼ਨ ਦੇਵਗਨ ਨੂੰ ਸਨਮਾਨਿਤ ਕੀਤਾ ਗਿਆ। ਦੁੱਗਲ ਨੇ ਦੱਸਿਆ ਪੰਜਾਬ ਸਰਕਾਰ ਦੀ ਪੋਲਸੀ ਦੇ ਨਾਲ ਕੈਮਿਸਟਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਸਬੰਧੀ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਗਿਆ। ਜਿਸ ਵਿੱਚ ਆਨਲਾਈਨ ਦਵਾਈਆਂ ਦੀ ਗੈਰ ਕਾਨੂੰਨੀ ਤਰੀਕੇ ਨਾਲ ਹੋਣ ਵਾਲੀ ਵਿਕਰੀ ਸਬੰਧੀ ਖਾਸ ਤੌਰ ਤੇ ਧਿਆਨ ਦੇਣ ਲਈ ਕਿਹਾ ਗਿਆ ਹੈ। ਬਾਲ ਕ੍ਰਿਸ਼ਨ ਦੇਵਗਨ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਜੋ ਉਹਨਾਂ ਨੂੰ ਮਾਣ ਸਤਿਕਾਰ ਦਿੱਤਾ ਗਿਆ ਹੈ ਉਸ ਤੇ ਮੱਦੇਨਜ਼ਰ ਉਹ ਕੈਮਿਸਟਾਂ ਦੇ ਹੱਕ ਵਿੱਚ ਕੰਮ ਕਰਨ ਲਈ ਹਮੇਸ਼ਾ ਤਿਆਰ ਰਹਿਣਗੇ। ਇਸ ਮੌਕੇ ਤੇ ਐਸੋਸੀਏਸ਼ਨ ਦੇ ਕਈ ਹੋਰ ਅਹੁਦੇਦਾਰ ਅਤੇ ਮੈਂਬਰ ਵੀ ਮੌਜੂਦ ਸਨ।

# ਬੇਦੀ ਗਾਰਮੈਂਟਸ ਵਲੋਂ ਖੋਲੇ ਗਏ ਨਵੇਂ ਸ਼ੋਅ—ਰੂਮ ਦਾ ਹੋਇਆ ਉਦਘਾਟਨ






ਸ਼੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ) ਇੱਥੋਂ ਦੇ ਸ੍ਰੀ ਅਨੰਦਪੁਰ ਸਾਹਿਬ—ਨੰਗਲ ਮੁੱਖ ਮਾਰਗ ਤੇ ਸਥਿਤ ਨਵੇਂ ਖੁੱਲੇ ਸ਼ੋਅ—ਰੂਮ ਬੇਦੀ ਗਾਰਮੈਂਟਸ ਦੀ ਸ਼ੁਰੂਆਤ ਗੁਰਮਤਿ ਸਮਾਗਮ ਤੋਂ ਬਾਅਦ ਕਰ ਦਿੱਤੀ ਗਈ। ਦੱਸਣਯੋਗ ਹੈ ਕਿ ਇਸ ਦੁਕਾਨ ਪੁੱਡਾ ਮਾਰਕੀਟ ਵਿੱਚ ਵੀ ਸਥਿਤ ਹੈ। ਅਤੇ ਹੁਣ ਇਹ ਸ਼ੋਅ—ਰੂਮ ਦੋਨਾਂ ਥਾਵਾਂ ਤੇ ਇਲਾਕਾ ਵਾਸੀਆਂ ਨੂੰ ਗੁਣਵੱਤਾ ਭਰਪੂਰ ਅਤੇ ਘੱਟ ਕੀਮਤ ਤੇ ਰੈਡੀਮੇਡ ਕੱਪੜੇ ਮੁਹੱਈਆ ਕਰਵਾਏਗਾ। ਅਰੰਭਤਾ ਦੀ ਅਰਦਾਸ ਭਾਈ ਅਮਨਦੀਪ ਸਿੰਘ ਵਲੋਂ ਕੀਤੀ ਗਈ। ਜਦੋਂਕਿ ਭਾਈ ਚਰਨਪ੍ਰੀਤ ਸਿੰਘ ਦੇ ਜਥੇ ਵਲੋਂ ਕੀਰਤਨ ਕੀਤਾ ਗਿਆ। ਇਸ ਸਬੰਧੀ ਸ਼ੋਅ—ਰੂਮ ਦੇ ਮਾਲਕ ਹਰਪ੍ਰੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼ੋਅ—ਰੂਮ ਦੇ ਖੁੱਲਣ ਨਾਲ ਸ੍ਰੀ ਅਨੰਦਪੁਰ ਸਾਹਿਬ ਦੇ ਨੇੜਲੇ ਇਲਾਕਿਆਂ ਦੇ ਨਾਲ—ਨਾਲ ਬਿਲਾਸਪੁਰ ਅਤੇ ਨਾਲਾਗੜ੍ਹ ਦੇ ਲੋਕਾਂ ਨੂੰ ਵੀ ਵੱਡਾ ਲਾਭ ਮਿਲੇਗਾ। ਅਤੇ ਇਹਨਾ ਲੋਕਾਂ ਨੂੰ ਹੁਣ ਸ਼ੋਅ—ਰੂਮ ਨੂੰ ਲੱਭਣ ਅਤੇ ਪਾਰਕਿੰਗ ਸਬੰਧੀ ਵੀ ਕੋਈ ਮੁਸ਼ਕਿਲ ਪੇਸ਼ ਨਹੀਂ ਆਵੇਗੀ। ਉਨ੍ਹਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਇਸ ਮੌਕੇ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਪ੍ਰਿਤਪਾਲ ਸਿੰਘ ਗੰਡਾ, ਜ਼ਸਵੀਰ ਸਿੰਘ ਅਰੋੜਾ, ਜਥੇਦਾਰ ਸੰਤੋਖ ਸਿੰਘ, ਨਗਰ ਕੌਸ਼ਲ ਦੇ ਸਾਬਕਾ ਪ੍ਰਧਾਨ ਮਹਿੰਦਰ ਸਿੰਘ ਵਾਲੀਆ, ਗਜਲ ਗਾਇਕ ਸੁਨੀਲ ਡੋਗਰਾ, ਅਨੀਤਾ ਡੋਗਰਾ, ਰੰਗ ਕਰਮੀ ਰਾਜ ਘਈ, ਜਤਿੰਦਰ ਸਿੰਘ, ਮਹਿੰਦਰਮੋਹਨ ਸਿੰਘ, ਬਲਾਕ ਪ੍ਰਧਾਨ ਪ੍ਰੇਮ ਸਿੰਘ ਬਾਸੋਵਾਲ, ਸ਼ਮਸ਼ੇਰ ਸਿੰਘ, ਅਸ਼ਵਨੀ ਕੁਮਾਰ, ਸਾਬਕਾ ਕੌਂਸਲਰ ਨਰਿੰਦਰ ਸੈਣੀ, ਡਾ. ਆਤਮਾ ਸਿੰਘ ਰਾਣਾ, ਆਤਮਾ ਸਿੰਘ ਘੱਟੀਵਾਲ, ਵਿਜੇ ਗਰਚਾ, ਰਾਜ ਕੁਮਾਰ ਸੈਣੀ, ਗੁਰਕੀਰਤ ਸਿੰਘ ਬਚਨ, ਜਰਨੈਲ ਸਿੰਘ ਗੂੰਬਰ, ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜਰ ਸਨ।

# ਨਗਰ ਨਿਗਮ ਸਟਰੀਟ ਲਾਈਟ ਵਿਭਾਗ ਦੀ ਲਾਪਰਵਾਹੀ....



ਅੰਮ੍ਰਿਤਸਰ,(ਲੋਕ ਬਾਣੀ)- ਨਗਰ ਨਿਗਮ ਦੀਆਂ ਬੈਠਕਾਂ ਵਿੱਚ ਕਈ ਅਧਿਕਾਰੀਆਂ ਵੱਲੋਂ ਕੀਤੇ ਜਾ ਰਹੇ ਦਾਅਵੇ ਬੇਤੁਕੇ ਹੁੰਦੇ ਹੋਏ ਨਜ਼ਰ ਆਉਂਦੇ ਹਨ। ਕਈ ਅਧਿਕਾਰੀਆਂ ਵੱਲੋਂ ਉੱਚ ਅਧਿਕਾਰੀਆਂ ਦੇ ਆਦੇਸ਼ਾਂ ਨੂੰ ਵੀ ਟਿੱਚ ਮੰਨਦਿਆਂ ਆਪਣੀਆਂ ਮਨਮਰਜੀਆਂ ਕੀਤੀਆਂ ਜਾਂਦੀਆਂ ਹਨ। ਬੈਠਕਾਂ ਵਿੱਚ ਕਰੋੜਾਂ ਦੀ ਲਾਗਤ ਦੇ ਨਾਲ ਗੁਰੂ ਨਗਰੀ ਦੀਆਂ ਵਾਰਡਾਂ ਨੂੰ ਜਗਮਗਾਉਣ ਦੇ ਦਾਅਵੇ ਵੀ ਹਵਾ ਹਵਾਈ ਹੋ ਰਹੇ ਹਨ। ਵਾਰਡਾਂ ਦੇ ਵੱਖ ਵੱਖ ਇਲਾਕਿਆਂ ਵਿੱਚ ਬੰਦ ਪਈਆਂ ਸਟਰੀਟ ਲਾਈਟਾਂ ਦੀਆਂ ਸ਼ਿਕਾਇਤਾਂ ਦਰਜ ਕਰਾਉਣ ਦੇ ਬਾਵਜੂਦ ਵੀ ਕਈ ਕਈ ਹਫਤੇ ਲਾਈਟਾਂ ਨੂੰ ਠੀਕ ਨਾ ਕਰਕੇ ਸ਼ਹਿਰ ਵਾਸੀਆਂ ਦੀ ਉਮੀਦਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਅਜਿਹੇ ਹੀ ਕੁਝ ਹਾਲਾਤ ਵਾਰਡ ਨੰਬਰ 13 ਦੇ ਕੁਝ ਇਲਾਕਿਆਂ ਦੇ ਹਨ। ਇਲਾਕਾ ਨਿਵਾਸੀ ਅਵਤਾਰ ਸਿੰਘ,ਰਜਿੰਦਰ ਸਿੰਘ ਰਾਵਤ,ਅਰਵਿੰਦਰ,ਕੰਵਲਜੀਤ ਸਿੰਘ,ਰੰਜਨ ਸ਼ਰਮਾ, ਸੋਨੂ ਸ਼ਰਮਾ ਨੇ ਦੱਸਿਆ ਕਿ ਬੰਦ ਲਾਈਟਾਂ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਅਧਿਕਾਰੀ ਰਮਨ ਅਰੋੜਾ ਨੂੰ ਜੁਬਾਨੀ ਅਤੇ ਵਟਸਐਪ ਤੇ ਸ਼ਿਕਾਇਤਾਂ ਵੀ ਦਰਜ ਕਰਵਾਈਆਂ ਗਈਆਂ। ਪਰ ਲਾਈਟਾਂ ਠੀਕ ਕਰਵਾਉਣਾ ਤਾਂ ਦੂਰ ਦੀ ਗੱਲ ਉਹਨਾਂ ਵੱਲੋਂ ਹੋਣ ਉਠਾਉਣਾ ਵੀ ਮੁਨਾਸਿਬ ਨਹੀਂ ਸਮਝਿਆ ਗਿਆ। ਹਨੇਰੇ ਵਿੱਚ ਹੋਣ ਵਾਲੀ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਲਈ ਸਬੰਧਤ ਅਧਿਕਾਰੀ ਜਿੰਮੇਵਾਰ ਹੋਣਗੇ। ਉਹਨਾਂ ਨੇ ਕਿਹਾ ਕਿ ਅਗਰ ਇਕ ਦੋ ਦਿਨਾਂ ਵਿੱਚ ਵਾਰਡ ਦੀਆਂ ਬੰਦ ਲਾਈਟਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਨਾ ਕੀਤਾ ਗਿਆ ਅਤੇ ਖਾਲੀ ਪਏ ਪੁਆਇੰਟਾਂ ਤੇ ਨਵੀਆਂ ਲਾਈਟਾਂ ਨਾ ਲਗਵਾਈਆਂ ਗਈਆਂ ਤਾਂ ਇਸ ਨੂੰ ਲੈ ਕੇ ਨਵਾਂ ਚਾਰਜ ਸੰਭਾਲਣ ਵਾਲੇ ਕਮਿਸ਼ਨਰ ਸਮੇਤ ਵਿਭਾਗ ਤੇ ਸੰਬੰਧਿਤ ਮੰਤਰੀ ਨੂੰ ਵੀ ਲਿਖਿਤ ਤੌਰ ਤੇ ਸੂਚਿਤ ਕਰਦਿਆਂ ਕਾਰਵਾਈ ਦੀ ਮੰਗ ਕੀਤੀ ਜਾਵੇਗੀ।

# ਪਿੰਡ ਦੀ ਨੁਹਾਰ ਬਦਲਣ ਲਈ ਪੜ੍ਹੇ ਲਿਖੇ ਅਤੇ ਸੁਲਝੇ ਹੋਏ ਉਮੀਦਵਾਰਾਂ ਨੂੰ ਅੱਗੇ ਲੈ ਕੇ ਆਉਣ ਦੀ ਲੋੜ : ਜੱਸੀ ਖੇੜੀ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਜਸਪ੍ਰੀਤ ਜੱਸੀ ਖੇੜੀ ਨੇ ਕਿਹਾ ਹੈ ਕਿ ਭਾਵੇਂ ਪੰਚਾਇਤ ਦੀ ਚੋਣ ਦਾ ਅਖਾੜਾ ਪੂਰੀ ਤਰ੍ਹਾਂ ਪੱਕ ਚੁੱਕਾ ਹੈ ਪ੍ਰੰਤੂ ਵੋਟਰਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਇੱਕੋ ਇੱਕ ਕੀਮਤੀ ਵੋਟ ਦਾ ਇਸਤੇਮਾਲ ਪੜ੍ਹੇ ਲਿਖੇ ਸੁਲਝੇ ਹੋਏ ਸਿਆਣੇ ਅਤੇ ਪਿੰਡ ਪ੍ਰਤੀ ਉਸਾਰੂ ਸੋਚ ਰੱਖਣ ਵਾਲੇ ਉਮੀਦਵਾਰ ਦੇ ਹੱਕ ਵਿੱਚ ਦੇਣ। ਭਾਵੇਂ ਲੋਕ ਤੰਤਰ ਅਨੁਸਾਰ ਹਰ ਇੱਕ ਨਾਗਰਿਕ ਨੂੰ ਆਪਣੀ ਵੋਟ ਕਰਨ ਦਾ ਪੂਰਨ ਹੱਕ ਹੈ ਪਰੰਤੂ ਜਿਆਦਾਤਰ ਦੇਖਿਆ ਗਿਆ ਹੈ ਕਿ ਖਾਸ ਕਰ ਪੰਚਾਇਤੀ ਚੋਣਾਂ ਅੰਦਰ ਜਿਆਦਾਤਰ ਲੋਕ ਨਸ਼ਿਆਂ ਪੈਸੇ ਦੇ ਜੋਰ ਅਤੇ ਹੋਰ ਕਈ ਤਰ੍ਹਾਂ ਦੇ ਛੋਟੇ ਮੋਟੇ ਲਾਲਚ ਦੇਖ ਕੇ ਵੋਟ ਦੀ ਖਰੀਦੋ ਫਰੋਤ ਕਰਦੇ ਹਨ।ਇਹਨਾਂ ਲੋਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਅੱਗੇ ਆਖਿਆ ਹੈ ਕਿ ਪੰਚਾਇਤੀ ਚੋਣਾਂ ਅੰਦਰ ਜਿੱਥੇ ਸਾਨੂੰ ਵਧੀਆ ਉਮੀਦਵਾਰ ਚੁਣਨ ਦਾ ਹੱਕ ਹੁੰਦਾ ਹੈ ਉਥੇ ਸਾਡੇ ਭਾਈਚਾਰਕ ਸਾਂਝ ਨੂੰ ਵੀ ਅਸੀਂ ਕਾਇਮ ਰੱਖਣਾ ਹੈ। ਖੇੜੀ ਨੇ ਸਰਪੰਚਾਂ ਦੀ ਖੁੱਲੀ ਬੋਲੀ ਲਾਉਣ ਤੇ ਸੋਸ਼ਲ ਮੀਡੀਆ ਰਾਹੀਂ ਵਾਇਰਲ ਹੋ ਰਹੀਆਂ ਵੀਡੀਓਜ ਤਿੱਖਾ ਰੋਸ ਜਾਹਿਰ ਕਰਦਿਆਂ ਕਿਹਾ ਹੈ ਕਿ ਅਜਿਹਾ ਕਰਨਾ ਲੋਕਤੰਤਰ ਦਾ ਘਾਣ ਹੈ। ਇਸ ਲਈ ਸਰਕਾਰ ਨੂੰ ਇਹਨਾਂ ਲੋਕਾਂ ਖਿਲਾਫ ਬਣਦੀ ਕਾਰਵਾਈ ਕਰਨੀ ਚਾਹੀਦੀ। ਉਹਨਾਂ ਕਿਹਾ ਹੈ ਕਿ ਜੇਕਰ ਪਿੰਡਾਂ ਅੰਦਰ ਸਰਬ ਸੰਮਤੀ ਨਾਲ ਪੰਚਾਇਤਾਂ ਚੁਣੀਆਂ ਜਾਂਦੀਆਂ ਹਨ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ ਫਿਰ ਵੀ ਸਾਨੂੰ ਪਿੰਡਾਂ ਅੰਦਰ ਅਮਨ ਸ਼ਾਂਤੀ ਰੱਖਦੇ ਹੋਏ ਆਪਣੀਆਂ ਭਾਈਚਾਰਕ ਤੰਦਾਂ ਨੂੰ ਮਜਬੂਤ ਰੱਖਣ ਅਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਅੱਗੇ ਲੈ ਕੇ ਆਉਣ ਦੀ ਲੋੜ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਪਿੰਡ ਦੀ ਨੁਹਾਰ ਬਦਲਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ: ਬੀਬੀ ਬਲਜੀਤ ਕੌਰ ਵਿਰਕ

## ਸੱਥਾਂ ਵਿੱਚ ਸਰਪੰਚੀ ਦੀ ਬੋਲੀ ਕਰਨ ਵਾਲੇ ਲੋਕਾਂ ਖਿਲਾਫ ਹੋਵੇ ਕਾਰਵਾਈ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਪਿੰਡ ਕਾਤਰੋਂ ਦੀ ਜਨਰਲ ਸੀਟ ਤੋਂ ਸਰਪੰਚੀ ਲਈ ਚੋਣ ਅਖਾੜੇ ਵਿੱਚ ਨਿਤਰੇ ਪੜ੍ਹੇ ਲਿਖੇ ਸੁਲਝੇ ਹੋਏ, ਸੰਘਰਸ਼ੀ ਅਤੇ ਸਰਬ ਸਾਂਝੇ ਉਮੀਦਵਾਰ ਬੀਬੀ ਬਲਜੀਤ ਕੌਰ ਵਿਰਕ ਨੇ ਆਪਣੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਤੇਜ਼ ਕਰ ਦਿੱਤਾ ਹੈ। ਉਹਨਾਂ ਕਿਹਾ ਹੈ ਕਿ ਪਿੰਡ ਦੇ ਸੂਝਵਾਨ ਵੋਟਰਾਂ ਵੱਲੋਂ ਉਹਨਾਂ ਨੂੰ ਭਰਪੂਰ ਸਮਰੱਥਨ ਦਿੱਤਾ ਜਾ ਰਿਹਾ ਹੈ। ਬੀਬੀ ਵਿਰਕ ਨੇ ਦੱਸਿਆ ਕਿ ਉਹਨਾਂ ਦਾ ਸਮੁੱਚਾ ਪਰਿਵਾਰ ਸ਼ੁਰੂ ਤੋਂ ਹੀ ਸਮਾਜ ਸੇਵਾ ਦੀ ਭਾਵਨਾ ਵਾਲਾ ਹੈ। ਖੇਤੀ ਦੇ ਕਾਲੇ ਕਾਨੂੰਨਾਂ ਖਿਲਾਫ ਕਿਸਾਨੀ ਅੰਦੋਲਨ ਵੱਲੋਂ ਵਿੱਢੀ ਮੁਹਿਮ ਵਿੱਚ ਵੀ ਉਨਾਂ ਦੀ ਅਹਿਮ ਭੂਮਿਕਾ ਰਹੀ ਹੈ। ਕਿਉਂਕਿ ਖਾਸ ਕੇਂਦਰ ਸਰਕਾਰ ਦੇ ਧੱਕੇ ਖਿਲਾਫ ਉਨਾਂ ਨੇ ਪਿੰਡ ਵਾਸੀਆਂ ਨਾਲ ਪੂਰਨ ਸਹਿਯੋਗ ਦੇ ਕੇ ਦਿੱਲੀ ਦੇ ਵੱਖ-ਵੱਖ ਬਾਰਡਰਾਂ ਤੇ ਦਿਨ ਰਾਤ ਕੰਮ ਕੀਤਾ ਹੈ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਪਿੰਡਾਂ ਦੇ ਲੋੜਵੰਦ ਪਰਿਵਾਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਮੇਂ ਸਮੇਂ ਸਿਰ ਵੀ ਮਸਲੇ ਸੁਲਝਾਏ ਅਤੇ ਸਾਥ ਦਿੱਤਾ। ਬੀਬੀ ਵਿਰਕ ਨੇ ਕਿਹਾ ਹੈ ਕਿ ਵੱਖ-ਵੱਖ ਵਾਰਡਾਂ ਅੰਦਰ ਲੋਕਾਂ ਵੱਲੋਂ ਮਿਲ ਰਿਹਾ ਸਮਰਥਨ ਤੋਂ ਸਾਫ ਹੁੰਦਾ ਹੈ ਕਿ ਵੋਟਰ ਉਹਨਾਂ ਦਾ ਸਾਥ ਦੇਣ ਲਈ ਪੂਰੀ ਤਰ੍ਹਾ ਤਤਪਰ ਹਨ। ਉਹਨਾਂ ਅੱਗੇ ਆਖਿਆ ਹੈ ਕਿ ਜੇਕਰ ਵੋਟਰਾਂ ਨੇ ਉਹਨਾਂ ਦਾ ਸਾਥ ਦਿੱਤਾ ਤਾਂ ਉਹ ਪਿੰਡ ਦੇ ਅਧੂਰੇ ਪਏ ਕਾਰਜਾਂ ਨੂੰ ਨੇਪਰੇ ਚਾੜਨ ਵਿੱਚ ਕੋਈ ਅਸਰ ਬਾਕੀ ਨਹੀਂ ਛੱਡਣਗੇ ਅਤੇ ਪਿੰਡ ਦੀ ਨਹਾਰ ਬਦਲ ਲਈ ਪੂਰੀ ਇਮਾਨਦਾਰੀ ਨਾਲ ਕੰਮ ਕੀਤਾ ਜਾਵੇਗਾ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੈਸੇ,ਨਸ਼ਿਆਂ ਅਤੇ ਹੋਰ ਲਾਲਚਾਂ ਵਿੱਚ ਨਾ ਆਉਣ ਕਿਉਂਕਿ ਤੁਹਾਡੀ ਇੱਕ ਇੱਕ ਵੋਟ ਨੇ ਪੰਜ ਸਾਲਾਂ ਲਈ ਇੱਕ ਚੰਗੇ ਸਰਪੰਚ ਦੀ ਚੋਣ ਕਰਕੇ ਪਿੰਡ ਦੀ ਨੁਹਾਰ ਬਾਦਲੀ ਨੀ ਹੁੰਦੀ ਹੈ। ਇਸ ਲਈ ਨਸ਼ਿਆਂ ਅਤੇ ਹੋਰ ਛੋਟੇ ਛੋਟੇ ਲਾਲਚਾਂ ਤੋਂ ਮੁਕਤ ਹੋ ਕੇ ਆਪਣੀ ਚੋਣ ਲੜਨਗੇ। ਅੰਤ ਵਿੱਚ ਉਹਨਾਂ ਪਿੰਡਾਂ ਅੰਦਰ ਸਰਪੰਚਾਂ ਦੀ ਹੋ ਰਹੀ ਬੋਲੀ ਤੇ ਵੀ ਤਿੱਖਾ ਰੋਸ ਜਾਹਰ ਕਰਦਿਆਂ ਕਿਸ ਨੂੰ ਲੋਕਤੰਤਰਤਾ ਦਾ ਘਾਣ ਦੱਸਦਿਆਂ ਸਰਕਾਰ ਨੂੰ ਇਹਨਾਂ ਲੋਕਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਦੂਜੇ ਦਿਨ ਵੀ ਟੈਂਕੀ ’ਤੇ ਡਟੇ ਰਹੇ ਆਦਰਸ਼ ਤੇ ਅਨਮੋਲ

## ਜਦੋਂ ਤੱਕ ਜੁਆਇਨਿੰਗ ਨਹੀ ਹੁੰਦੀ, ਟੈਂਕੀ ਤੋਂ ਨਹੀ ਉਤਰਾਂਗੇ - ਆਦਰਸ਼ ਤੇ ਅਨਮੋਲ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਈਟੀਟੀ ਟੈਟ ਪਾਸ ਬੇਰੁਜਗਾਰ 5994 ਅਧਿਆਪਕ ਯੂਨੀਅਨ ਪੰਜਾਬ ਦੇ ਦੋ ਨੌਜਵਾਨ ਆਦਰਸ਼ ਅਬੋਹਰ ਤੇ ਅਨਮੋਲ ਬੱਲੂਆਣਾ ਦੂਜੇ ਦਿਨ ਵੀ ਟੈਂਕੀ ’ਤੇ ਡਟੇ ਰਹੇ। ਦੋਨੋਂ ਜੁਝਾਰੂ ਸਾਥੀ ਇਸ ਮੰਗ ’ਤੇ ਅੜੇ ਹੋਏ ਹਨ ਕਿ ਜਦੋਂ ਤੱਕ ਜੁਆਇਨਿੰਗ ਨਹੀ ਹੋ ਜਾਂਦੀ, ਉਦੋਂ ਤੱਕ ਉਹ ਟੈਂਕੀ ਤੋਂ ਨੀਚੇ ਨਹੀ ਉਤਰਨਗੇ। ਇਸ ਦੇ ਨਾਲ ਹੀ 29 ਸਤੰਬਰ ਤੋਂ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਸ਼ੁਰੂ ਕੀਤਾ ਰੋਸ ਧਰਨਾ ਅੱਠਵੇਂ ਦਿਨ ਵੀ ਜਾਰੀ ਰਿਹਾ। ਐਤਵਾਰ ਨੂੰ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ, ਤਹਿਸੀਲਦਾਰ ਤੇ ਐਸਐਚਓ ਟੈਂਕੀ ਮੋਰਚੇ ਵਾਲੀ ਥਾਂ ’ਤੇ ਪਹੁੰਚੇ, ਜੋ ਆਗੂਆਂ ਨੂੰ ਵੱਖ-ਵੱਖ ਭਰੋਸੇ ਦਿੰਦੇ ਰਹੇ ਪਰ ਆਗੂਆਂ ਨੇ ਕਿਹਾ ਕਿ ਅਸੀਂ ਪਿਛਲੇ ਡੇਢ ਸਾਲ ਤੋਂ ਤੁਹਾਡੇ ਭਰੋਸਿਆਂ ਕਰਕੇ ਹੀ ਸਕੂਲਾਂ ਵਿੱਚ ਜੁਆਇਨ ਨਹੀ ਕਰ ਸਕੇ।




**ਸੜਕ ਕਿਨਾਰੇ ਬਹਿ ਕੇ ਕੀਤਾ ਮੁਜਾਹਰਾ**

ਈਟੀਟੀ 5994 ਯੂਨੀਅਨ ਦੇ ਨੁਮਾਇੰਦਿਆਂ ਨੇ ਸ਼ਾਮ 4 ਵਜੇ ਨੰਗਲ ਹਾਈਵੇਅ ਦੇ ਕਿਨਾਰਿਆਂ ’ਤੇ ਬੈਠ ਕੇ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਖਿਲਾਫ ਜੋਰਦਾਰ ਨਾਅਰੇਬਾਜੀ ਕੀਤੀ। ਇਸ ਦੌਰਾਨ ਉਮੀਦਵਾਰਾਂ ਨੇ ਰਾਹਗੀਰਾਂ ਨੂੰ ਸਰਕਾਰ ਦੀਆਂ ਡੰਗ ਟਪਾਊ ਨੀਤੀਆਂ ਬਾਰੇ ਵੀ ਜਾਣੂ ਕਰਵਾਇਆ।

**ਉਮੀਦਵਾਰ ਵੱਲੋਂ ਆਤਮਦਾਹ ਕਰਨ ਦੀ ਕੋਸ਼ਿਸ਼**

ਪਿੰਡ ਢੇਰ ਵਿਖੇ ਨੰਗਲ ਹਾਈਵੇ ਦੇ ਕਿਨਾਰੇ ਬਹਿ ਕੇ ਸਰਕਾਰ ਅਤੇ ਸਿੱਖਿਆ ਮੰਤਰੀ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਈਟੀਟੀ 599 ਯੂਨੀਅਨ ਦੇ ਇੱਕ ਨੁਮਾਇੰਦੇ ਅਜੇ ਸ਼ੇਰਗੜ੍ਹ ਨੇ ਮੌਕੇ ਤੇ ਹੀ ਡੀਜ਼ਲ ਪਾ ਕੇ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਨੂੰ ਮੌਕੇ ਤੇ ਹਾਜ਼ਰ ਹੋਰਨਾਂ ਸਾਥੀਆਂ ਵੱਲੋਂ ਰੋਕਿਆ ਗਿਆ ਅਤੇ ਮਾਚਿਸ ਖੋਹ ਕੇ ਅੱਗ ਲੱਗਣ ਤੋਂ ਬਚਾਇਆ ਗਿਆ। ਇਸ ਮਗਰੋਂ ਉਕਤ ਉਮੀਦਵਾਰ ਨੂੰ ਹਸਪਤਾਲ ਚ ਦਾਖਲ ਕਰਵਾਇਆ ਗਿਆ।

ਇਸ ਮੌਕੇ ਸੂਬਾ ਕਮੇਟੀ ਮੈਂਬਰ ਬੱਗਾ ਖੁਡਾਲ, ਪਰਮਪਾਲ ਫਾਜ਼ਿਲਕਾ, ਬੰਟੀ ਕੰਬੋਜ, ਬਲਿਹਾਰ ਸਿੰਘ, ਕੁਲਵਿੰਦਰ ਬਰੇਟਾ, ਡਾ. ਪਰਵਿੰਦਰ ਸਿੰਘ ਲਾਹੌਰੀਆ, ਹਰੀਸ਼ ਫਾਜਿਲਕਾ ਅਤੇ ਪ੍ਰਗਟ ਬੋਹਾ ਨੇ ਦੱਸਿਆ ਕਿ ਟੈਂਕੀ ਵਾਲੀ ਥਾਂ ’ਤੇ ਪਹੁੰਚ ਰਹੇ ਪ੍ਰਸਾਸ਼ਨਿਕ ਅਧਿਕਾਰੀ ਸ਼ਰਤਾਂ ਰੱਖ ਰਹੇ ਹਨ, ਜੋ ਯੂਨੀਅਨ ਨੂੰ ਮਨਜੂਰ ਨਹੀ ਹਨ। ਉਨ੍ਹਾਂ ਆਖਿਆ ਕਿ ਜਦੋਂ ਵੀ ਯੂਨੀਅਨ ਵੱਲੋਂ ਕੋਈ ਵੱਡਾ ਐਕਸ਼ਨ ਕੀਤਾ ਜਾਂਦਾ ਹੈ ਤਾਂ ਨਾਲ ਦੀ ਨਾਲ ਹੀ ਪ੍ਰਸਾਸ਼ਨਿਕ ਅਧਿਕਾਰੀਆਂ ਵੱਲੋਂ ਮੰਗਾਂ ਮੰਨੇ ਜਾਣ ਦਾ ਝੂਠਾ ਭਰੋਸਾ ਦੇ ਕੇ ਸ਼ਾਂਤ ਕਰਵਾ ਦਿੱਤਾ ਜਾਂਦਾ ਹੈ ਪਰ ਬਾਅਦ ਵਿੱਚ ਕੰਮ ਨਾ ਕਰਕੇ ਡੰਗ ਟਪਾਇਆ ਜਾਂਦਾ ਹੈ। ਬਿਲਕੁਲ ਉਸੇ ਤਰਾਂ ਹੁਣ ਵੀ ਪ੍ਰਸਾਸ਼ਨਿਕ ਅਧਿਕਾਰੀ ਇਹੀ ਸ਼ਰਤ ਰੱਖ ਰਹੇ ਹਨ ਕਿ ਪਹਿਲਾਂ ਟੈਂਕੀ ਉਪਰ ਚੜ੍ਹੇ ਨੌਜਵਾਨਾਂ ਨੂੰ ਨੀਚੇ ਉਤਾਰਿਆ ਜਾਵੇ ਤਾਂ ਉਸ ਤੋਂ 10 ਮਿੰਟ ਬਾਅਦ ਹੀ ਸਪੋਰਟਸ ਕੈਟਾਗਰੀ ਅਤੇ ਐਕਸ ਸਰਵਿਸ ਮੈਨ ਕੈਟਾਗਰੀ ਦੀਆਂ ਲਿਸਟਾਂ ਜਾਰੀ ਕਰ ਦਿੱਤੀਆਂ ਜਾਣਗੀਆਂ। ਆਗੂਆਂ ਨੇ ਆਖਿਆ ਕਿ ਹੁਣ ਸਾਨੂੰ ਇਨ੍ਹਾਂ ਅਧਿਕਾਰੀਆਂ ਦੀਆਂ ਗੱਲਾਂ ’ਤੇ ਭਰੋਸਾ ਨਹੀ ਰਿਹਾ। ਪਿਛਲੇ ਡੇਢ ਸਾਲ ਤੋਂ ਇਹੀ ਅਧਿਕਾਰੀ ਭਰੋਸਾ ਦਿੰਦੇ ਆ ਰਹੇ ਹਨ ਪਰ ਅਜੇ ਤੱਕ ਸਾਨੂੰ ਜੁਆਇਨ ਨਹੀ ਕਰਵਾਇਆ ਗਿਆ। ਟੈਂਕੀ ਉਪਰ ਡਟੇ ਹੋਏ ਸਾਥੀਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਜਲਦ ਤੋਂ ਜਲਦ ਸਟੇਸ਼ਨ ਚੋਣ ਦਾ ਪੋਰਟਲ ਖੋਲ੍ਹ ਕੇ ਸਟੇਸ਼ਨ ਚੋਣ ਨਾ ਕਰਵਾਈ ਅਤੇ ਸਕੂਲਾਂ ਵਿੱਚ ਜੁਆਇਨ ਨਾ ਕਰਵਾਇਆ ਤਾਂ ਉਹ ਆਪਣੇ ਆਪ ਨੂੰ ਅੱਗ ਲਗਾ ਕੇ ਆਤਮਦਾਹ ਕਰਨ ਲੈਣਗੇ। ਜਿਸ ਦਾ ਜਿੰਮੇਵਾਰ ਸਿੱਧੇ ਤੌਰ ’ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਕੂਲੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸਮੇਤ ਲੋਕਲ ਪ੍ਰਸਾਸਨ ਹੋਵੇਗਾ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਹਿਲੀ ਲਿਸਟ ਵਿਚ ਚੁਣੇ ਗਏ 2468 ਉਮੀਦਵਾਰਾਂ ਨੂੰ ਜੁਆਇਨ ਕਰਵਾਇਆ ਜਾਵੇ, ਸਪੋਰਟਸ ਤੇ ਐਕਸ ਸਰਵਿਸ ਮੈਨ ਕੈਟਾਗਰੀ ਦੀ ਲਿਸਟ ਜਾਰੀ ਜਾਵੇ ਅਤੇ ਬੈਕਲਾਗ ਵਾਲੇ ਸਾਥੀਆਂ ਦਾ ਪ੍ਰੋਸੈਸ ਆਰੰਭ ਕੀਤਾ ਜਾਵੇ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਵਾਰਡ ਨੰਬਰ 2 ਅਧੀਨ ਪੈਂਦੇ ਮੁਬਾਰਕਪੁਰ ਵਾਸੀ ਦੋ ਦਿਨਾਂ ਤੋਂ ਪੀਣ ਵਾਲ਼ੇ ਪਾਣੀ ਨੂੰ ਤਰਸੇ



ਡੇਰਾਬਸੀ, (ਲੋਕ ਬਾਣੀ) ਨਗਰ ਕੌਂਸਲ ਦੇ ਵਾਰਡ ਨੰਬਰ 2 ਅਧੀਨ ਆਉਂਦੇ ਪਿੰਡ ਮੁਬਾਰਕਪੁਰ ਵਾਸੀ ਦੋ ਦਿਨਾਂ ਤੋਂ ਪੀਣ ਵਾਲ਼ੇ ਪਾਣੀ ਨੂੰ ਤਰਸ ਰਹੇ ਹਨ। ਅੱਤ ਦੀ ਪੈਂਦੀ ਗਰਮੀ ਵਿੱਚ ਬਿਨਾ ਪਾਣੀ ਤੋਂ ਵਾਰਡ ਵਾਸੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹੈ ਹੈ। ਲੋਕ ਪਾਣੀ ਦੇ ਟੈਂਕਰ ਮੰਗਵਾ ਗੁਜਾਰਾ ਕਰ ਰਹੇਂ ਹਨ, ਜਦਕਿ ਕੁਝ ਲੋਕ ਮੰਦਰ ਕੋਲ ਲੱਗੇ ਨਲਕੇ ਤੋਂ ਪਾਣੀ ਭਰ ਡੰਗ ਟਪਾਈ ਕਰ ਰਹੇ ਹਨ। ਵਾਰਡ ਵਾਸੀਆਂ ਨੇ ਰੋਸ਼ ਪ੍ਰਗਟ ਕਰਦੇ ਦੱਸਿਆ ਕਿ ਦੋ ਦਿਨਾਂ ਤੋਂ ਪਾਣੀ ਸਪਲਾਈ ਬੰਦ ਹੈ। ਸ਼ਿਕਾਇਤ ਕਰਨ ਤੇ ਨਾਂ ਤਾਂ ਕੌਂਸਲ ਅਧਿਕਾਰੀ ਸੁਣਵਾਈ ਕਰ ਰਹੇ ਹਨ ਅਤੇ ਨਾਂ ਕੌਂਸਲਰ ਇਸ ਪਾਸੇ ਧਿਆਨ ਦੇ ਰਹੇ ਹਨ। ਵਾਰਡ ਵਾਸੀਆਂ ਨੇ ਰੋਸ਼ ਪ੍ਰਗਟ ਕਰਦੇ ਕਿਹਾ ਕਿ ਪਾਣੀ ਛੱਡਣ ਪਿੱਛੇ ਵੀ ਰਾਜਨੀਤੀ ਹੋਂ ਰਹੀ ਹੈ। ਟਿਊਬਵੈੱਲ ਆਪਰੇਟਰ ਆਪਣੀ ਡਿਊਟੀ ਇਮਾਨਦਾਰੀ ਨਾਲ ਨਹੀਂ ਨਿਭਾ ਰਿਹਾ, ਜਿਸ ਦੀ ਉਨ੍ਹਾਂ ਵਲੋਂ ਕੌਂਸਲ ਦਫ਼ਤਰ ਵਿੱਖੇ ਸ਼ਿਕਾਇਤ ਵੀ ਕੀਤੀ ਹੈ। ਇਸ ਬਾਰੇ ਗੱਲ ਕਰਨ ਤੇ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ ਨੇ ਕਿਹਾ ਕਿ ਪਾਣੀ ਸਪਲਾਈ ਜਲਦੀ ਠੀਕ ਹੋ ਜਾਵੇਗੀ। ਜੇਕਰ ਟਿਊਬਵੈੱਲ ਆਪਰੇਟਰ ਦੀ ਕੋਈ ਗਲਤੀ ਸਾਹਮਣੇ ਆਉਂਦੀ ਹੈ ਤਾਂ ਉਸਦੇ ਖਿਲਾਫ ਵੀ ਕਰਵਾਈ ਕੀਤੀ ਜਾਵੇਗੀ।

# ਡੇਂਗੂ ਦੇ ਹਮਲੇ ਕਾਰਨ ਕਾਨਪੁਰ ਚ ਦਹਿਸ਼ਤ, ਦਰਜਨਾਂ ਬਿਮਾਰ, ਹਸਪਤਾਲਾਂ ਚ ਭੀੜ



ਕਾਨਪੁਰ। \(ਸੁਨੀਲ ਬਾਜਪਾਈ) ਇਹ ਮਹਾਂਨਗਰ ਇਸ ਸਮੇਂ ਜਾਨਲੇਵਾ ਡੇਂਗੂ ਦੀ ਲਪੇਟ ਵਿੱਚ ਹੈ। ਹਰ ਰੋਜ਼ ਕਰੀਬ 2 ਤੋਂ 3 ਮਰੀਜ਼ਾਂ ਵਿੱਚ ਇਸ ਦੀ ਪੁਸ਼ਟੀ ਹੋ ਰਹੀ ਹੈ। ਡਾਕਟਰ ਅਨੁਸਾਰ ਇਸ ਦੇ ਲੱਛਣਾਂ ਵਿੱਚ ਸਰੀਰ ਵਿੱਚ ਦਰਦ, ਜੋੜਾਂ ਵਿੱਚ ਦਰਦ, ਕਮਜ਼ੋਰੀ, ਠੰਢ ਦੇ ਨਾਲ ਬੁਖਾਰ ਅਤੇ ਪਲੇਟਲੈਟਸ ਘੱਟ ਹੋਣਾ ਸ਼ਾਮਲ ਹਨ। ਜਿਸ ਕਾਰਨ ਲੋਕ ਦਹਿਸ਼ਤ ਵਿਚ ਹਨ। ਜਿਸ ਕਾਰਨ ਹਸਪਤਾਲ ਚ ਲੋਕਾਂ ਦੀ ਭੀੜ ਲੱਗ ਰਹੀ ਹੈ। ਬਚਾਅ ਲਈ ਮੈਡੀਕਲ ਵਿਭਾਗ ਦੀ ਟੀਮ ਵੀ ਸਰਗਰਮ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੋਂ ਦੇ ਮੈਡੀਕਲ ਕਾਲਜ ਦੇ ਮੈਡੀਸਨ ਵਿਭਾਗ ਦੇ ਪ੍ਰੋਫੈਸਰ ਡਾ: ਬੀਪੀ ਪ੍ਰਿਯਾਦਰਸ਼ੀ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਵਿੱਚ ਹਰ ਰੋਜ਼ ਹਲਕਾ ਹਸਪਤਾਲ ਦੀ ਓਪੀਡੀ ਵਿੱਚ ਆਉਣ ਵਾਲੇ 10 ਤੋਂ 15 ਫ਼ੀਸਦੀ ਮਰੀਜ਼ਾਂ ਵਿੱਚ ਡੇਂਗੂ ਦੇ ਲੱਛਣ ਦਿਖਾਈ ਦੇ ਰਹੇ ਹਨ।

ਅਜਿਹੇ ਚ ਹਰ ਰੋਜ਼ ਕਰੀਬ 50 ਤੋਂ 60 ਲੋਕਾਂ ਦੇ ਸੈਂਪਲ ਲਏ ਜਾ ਰਹੇ ਹਨ। ਇਨ੍ਹਾਂ ਵਿੱਚੋਂ 2 ਜਾਂ 3 ਦੀ ਰਿਪੋਰਟ ਵੀ ਪਾਜ਼ੇਟਿਵ ਆ ਰਹੀ ਹੈ। ਇਸ ਤੋਂ ਇਲਾਵਾ ਕੁਝ ਮਰੀਜ਼ ਅਜਿਹੇ ਵੀ ਆ ਰਹੇ ਹਨ ਜਿਨ੍ਹਾਂ ਨੂੰ ਬੁਖਾਰ ਬਹੁਤ ਜ਼ਿਆਦਾ ਹੈ। ਅਜਿਹੇ ਮਰੀਜ਼ਾਂ ਨੂੰ ਵੀ ਦਾਖਲ ਕਰਵਾਉਣਾ ਪੈਂਦਾ ਸੀ।

ਉਨ੍ਹਾਂ ਦੱਸਿਆ ਕਿ ਸਾਰੇ ਮਰੀਜ਼ ਆ ਰਹੇ ਹਨ। ਇਨ੍ਹਾਂ ਵਿੱਚੋਂ 80 ਫੀਸਦੀ ਮਰੀਜ਼ 20 ਤੋਂ 50 ਸਾਲ ਦੀ ਉਮਰ ਦੇ ਹਨ। ਡਾਕਟਰ ਅਨੁਸਾਰ ਡੇਂਗੂ ਦਾ ਖ਼ਤਰਾ ਬਾਹਰ ਰਹਿੰਦੇ ਲੋਕਾਂ ਵਿੱਚ ਜ਼ਿਆਦਾ ਹੁੰਦਾ ਹੈ। ਇਸ ਵੇਲੇ ਸਥਿਤੀ ਜਿਵੇਂ ਹੈ। ਇਸ ਕਾਰਨ ਲੋਕ ਡੇਂਗੂ ਨੂੰ ਲੈ ਕੇ ਕਾਫੀ ਡਰੇ ਹੋਏ ਹਨ। ਮੈਡੀਕਲ ਵਿਭਾਗ ਆਪਣੇ ਪੱਧਰ ਤੋਂ ਆਪਣੇ ਕੰਟਰੋਲ ਵਿੱਚ ਲੱਗਾ ਹੋਇਆ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਡੇਰਾਬੱਸੀ ਚ ਸ੍ਰੀ ਰਾਮ ਬਰਾਤ ਮੌਕੇ ਕੱਢੀ ਸ਼ੋਭਾ ਯਾਤਰਾ




ਡੇਰਾਬੱਸੀ, (ਲੋਕ ਬਾਣੀ) ਡੇਰਾਬੱਸੀ ਸ਼੍ਰੀ ਰਾਮਲੀਲਾ ਦੁਸਹਿਰਾ ਮੰਡਲ (6558) ਵੱਲੋਂ ਸ਼੍ਰੀ ਰਾਮ ਬਾਰਾਤ ਮੌਕੇ ਸ਼ੋਭਾ ਯਾਤਰਾ ਕੱਢੀ ਗਈ। ਰਾਮਲੀਲਾ ਗਰਾਊਂਡ ਤੋਂ ਸ੍ਰੀ ਰਾਮ ਬਰਾਤ ਦੀ ਸ਼ੁਰੂਆਤ ਕੀਤੀ ਗਈ। ਸ੍ਰੀ ਰਾਮ ਬਰਾਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਦੀ ਹੁੰਦੇ ਹੋਏ ਵਾਪਸ ਰਾਮਲੀਲਾ ਗਰਾਊਂਡ ਚ ਸਮਾਪਤ ਹੋਈ। ਜਿਸ ਚ ਸ਼੍ਰੀ ਰਾਮਚੰਦਰ ਜੀ ਲਕਸ਼ਮਣ ਜੀ ਦੇ ਨਾਲ ਰੱਥ ਤੇ ਸਵਾਰ ਹੋ ਕੇ ਬਾਜ਼ਾਰ ਤੋਂ ਰਵਾਨਾ ਹੋਏ ਤਾਂ ਰਸਤੇ ਚ ਕਈ ਥਾਵਾਂ ਤੇ ਲੋਕਾਂ ਵਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ । ਹਲਕਾ ਵਿਧਾਇਕ ਦੇ ਭਰਾ ਪਰਮਜੀਤ ਸਿੰਘ ਰੰਧਾਵਾ ਅਤੇ 'ਆਪ' ਆਗੂ ਨਰੇਸ਼ ਉਪਨੇਜਾ ਨੇ ਹਰੀ ਝੰਡੀ ਦਿਖਾ ਕੇ ਸ਼੍ਰੀ ਰਾਮ ਬਰਾਤ ਨੂੰ ਰਵਾਨਾ ਕੀਤਾ। ਇਸ ਮੌਕੇ ਮੰਡਲ ਦੇ ਪ੍ਰਧਾਨ ਦਵਿੰਦਰ ਸੈਣੀ, ਚੇਅਰਮੈਨ ਰਾਕੇਸ਼, ਜਨਰਲ ਸਕੱਤਰ ਵਰਿੰਦਰ ਸ਼ਰਮਾ, ਕੈਸ਼ੀਅਰ ਪ੍ਰਦੀਪ ਸੈਣੀ, ਇੰਦਰਜੀਤ, ਗੁਰਪ੍ਰੀਤ ਸੈਣੀ, ਮਾ ਫੂਲ ਸਿੰਘ, ਮੁਕੇਸ਼ ਸਮੇਤ ਸਮੂਹ ਮੈਂਬਰ ਸ਼ੋਭਾ ਯਾਤਰਾ ਵਿੱਚ ਸ਼ਾਮਲ ਸਨ।

# ਅਮਰੀਕੀ ਸੈਨੇਟਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਦੁਵੱਲੇ ਵਿਦਿਅਕ ਸਬੰਧਾਂ ਨੂੰ ਪ੍ਰਫੁੱਲਤ ਕਰਨ ਤੇ ਦਿੱਤਾ ਜ਼ੋਰ,



ਚੰਡੀਗੜ੍ਹ, (ਲੋਕ ਬਾਣੀ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਿਛਲੇ ਮਹੀਨੇ ਅਮਰੀਕਾ ਦੀ ਹਾਲੀਆ ਫੇਰੀ ਨੇ ਨਾ ਸਿਰਫ਼ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕੀਤਾ ਹੈ ਸਗੋਂ ਅਮਰੀਕੀ ਸਿੱਖਿਆ ਉਦਯੋਗ ਲਈ ਭਾਰਤ ਵਿੱਚ ਆਪਣੀ ਮਾਰਕੀਟ ਦਾ ਵਿਸਥਾਰ ਕਰਨਾ ਵੀ ਆਸਾਨ ਬਣਾ ਦਿੱਤਾ ਹੈ। ਇਸ ਕੜੀ ਨੂੰ ਹੋਰ ਮਜ਼ਬੂਤ ਕਰਨ ਲਈ ਅਮਰੀਕੀ ਰਾਜ ਅਲਬਾਮਾ ਤੋਂ 17 ਸੈਨੇਟਰਾਂ ਅਤੇ ਸਿੱਖਿਆ ਸ਼ਾਸਤਰੀਆਂ ਦਾ ਇੱਕ ਵਫ਼ਦ ਭਾਰਤ ਦਾ ਦੌਰਾ ਕਰ ਰਿਹਾ ਹੈ ਜੋ ਅਮਰੀਕੀ ਸਿੱਖਿਆ ਦੇ ਵੱਖ-ਵੱਖ ਪਹਿਲੂਆਂ ਦਾ ਪ੍ਰਸਾਰ ਕਰ ਰਿਹਾ ਹੈ। ਸ਼ਨੀਵਾਰ ਨੂੰ ਇਸ ਵਫਦ ਨੇ ਮੋਹਾਲੀ ਸਥਿਤ ਏਜੂਕੇਸ਼ਨ ਸੈਂਟਰ ਔਫ ਯੂਐਸ ਦਾ ਉਦਘਾਟਨ ਕੀਤਾ, ਜਿਸ ਵਿਚ ਇਨ੍ਹਾਂ ਸੈਨੇਟਰਾਂ ਤੋਂ ਇਲਾਵਾ ਅਮਰੀਕਾ, ਪੰਜਾਬ, ਹਰਿਆਣਾ ਦੇ ਸਿੱਖਿਆ ਸ਼ਾਸਤਰੀਆਂ ਅਤੇ ਯੂਨੀਵਰਸਿਟੀ ਅਧਿਕਾਰੀਆਂ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਇਹ ਕੇਂਦਰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਅਮਰੀਕਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ।

ਉਦਘਾਟਨ ਤੋਂ ਬਾਅਦ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਆਯੋਜਿਤ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸੈਂਟਰ ਦੇ ਡਾਇਰੈਕਟਰ ਰਾਜਨ ਕੁਮਾਰ ਨੇ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਮੌਜੂਦਾ ਵਪਾਰ 200 ਬਿਲੀਅਨ ਡਾਲਰ ਦਾ ਹੈ, ਜਿਸ ਵਿਚ ਹੋਰ ਵਾਧਾ ਹੋਣ ਜਾ ਰਿਹਾ ਹੈ । ਨੇੜਲੇ ਭਵਿੱਖ ਵਿੱਚ ਹੋਰ ਵੀ ਵਧਣ ਲਈ ਤਿਆਰ ਹੈ। ਇਸ ਸਬੰਧੀ ਵਿੱਦਿਅਕ ਖੇਤਰ ਨੇ ਅਹਿਮ ਭੂਮਿਕਾ ਨਿਭਾਈ ਹੈ। ਵਰਤਮਾਨ ਵਿੱਚ, 2.70 ਲੱਖ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਹਨ ਜਦੋਂ ਕਿ ਅਮਰੀਕਾ ਵਿੱਚ 4.4 ਮਿਲੀਅਨ ਦਾ ਵੱਡਾ ਭਾਰਤੀ ਭਾਈਚਾਰਾ ਹੈ। ਪ੍ਰਧਾਨ ਮੰਤਰੀ ਦੀ ਹਾਲੀਆ ਅਮਰੀਕਾ ਫੇਰੀ ਨੇ ਇੱਕ ਨਵਾਂ ਅਧਿਆਏ ਸ਼ੁਰੂ ਕੀਤਾ ਹੈ ਜਿਸ ਵਿੱਚ ਦੋਵੇਂ ਧਿਰਾਂ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹਨ।

ਭਾਰਤ ਆਪਣੀਆਂ ਹੁਨਰ ਵਿਕਾਸ ਮੰਗਾਂ ਨੂੰ ਪੂਰਾ ਕਰਨ ਲਈ ਕਮਿਊਨਿਟੀ ਕਾਲਜਾਂ ਵਿੱਚ ਅਮਰੀਕੀ ਅਨੁਭਵ ਤੋਂ ਬਹੁਤ ਕੁਝ ਸਿੱਖ ਰਿਹਾ ਹੈ। ਭਾਰਤ ਵਿੱਚ ਸਿੱਖਿਆ ਤੱਕ ਪਹੁੰਚ ਵਧਾਉਣ ਲਈ, ਟੈਕਨਾਲੋਜੀ ਸਮਰਥਿਤ ਸਿੱਖਣ ਅਤੇ ਵੱਡੇ ਪੱਧਰ ਤੇ ਆਨਲਾਈਨ ਕੋਰਸਾਂ ਦੇ ਖੇਤਰ ਵਿੱਚ ਅਮਰੀਕੀ ਸੰਸਥਾਵਾਂ ਨਾਲ ਸਹਿਯੋਗ ਕਰਨ ਲਈ ਸਹਿਮਤੀ ਬਣੀ ਹੈ। ਭਾਰਤ ਦੁਆਰਾ ਸ਼ੁਰੂ ਕੀਤੇ ਗਲੋਬਲ ਇਨੀਸ਼ੀਏਟਿਵ ਆਫ ਅਕਾਦਮਿਕ ਨੈੱਟਵਰਕ ਦੇ ਤਹਿਤ ਦੋਵਾਂ ਪੱਖਾਂ ਨੂੰ ਲਾਭ ਹੋਣ ਦੀ ਉਮੀਦ ਹੈ।

ਪ੍ਰੈਸ ਕਾਨਫਰੰਸ ਦੌਰਾਨ ਵਫ਼ਦ ਵਿੱਚ ਸੈਨੇਟਰ ਆਰਥਰ ਔਰ, ਬੌਬੀ ਸਿੰਗਲਟਨ, ਡੌਨੀ ਚੇਸ਼ਟਿਨ, ਟਿਮ ਮੇਲਸਨ, ਜੇ ਹੋਵੀ, ਪ੍ਰਿੰਸ ਚੇਸਨਟ, ਗੇਰਾਲਡ ਡਾਇਲ ਅਤੇ ਅਕਾਦਮਿਕ ਐਰਿਕ ਮੈਕੀ, ਸ੍ਰੀਨਿਵਾਸ ਜਾਵਾਂਗੁਲਾ, ਵਾਲਟਰ ਗੋਮੁਲਿਨ, ਕ੍ਰੇਸਲ ਬ੍ਰੈਡਗਿਲ, ਕੇਰੀ ਜੇ. ਪੇਲਮਰ, ਗੋਵਿੰਦ ਮੈਨਨ , ਟੈਕਸਾਸ ਸਟੇਟ ਯੂਨੀਵਰਸਿਟੀ ਤੋਂ ਰੇਨੀ ਰੋਜਰਜ਼, ਮੀਸੂਨ ਹਾਨ, ਏਕਲੀ ਫੁਲਮਰ ਅਤੇ ਦੇਵਯਾਨੀ ਖਰੇ ਨੇ ਸਰਹੱਦ ਪਾਰ ਹੁਨਰ ਦੀ ਗੁਣਵੱਤਾ ਅਤੇ ਸੰਭਾਵਨਾ ਨੂੰ ਯਕੀਨੀ ਬਣਾਉਣ ਲਈ ਪ੍ਰਮਾਣੀਕਰਣ ਦੀ ਮਹੱਤਤਾ ਤੇ ਜ਼ੋਰ ਦਿੱਤਾ। ਆਪਣੇ ਦੌਰੇ ਦੌਰਾਨ ਵਫ਼ਦ ਨੇ ਨਵੀਂ ਦਿੱਲੀ ਵਿਖੇ ਸਿੱਖਿਆ ਮੰਤਰਾਲੇ ਨਾਲ ਮੀਟਿੰਗ ਕਰਨ ਤੋਂ ਇਲਾਵਾ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਚੰਡੀਗੜ੍ਹ ਯੂਨੀਵਰਸਿਟੀ, ਸੀਜੀਸੀ ਲਾਂਡਰਾਂ ਆਦਿ ਯੂਨੀਵਰਸਿਟੀਆਂ ਦਾ ਦੌਰਾ ਕਰਕੇ ਇਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ।

# ਜਿਲ੍ਹੇ ਵਿੱਚ 224260 ਮੀਟਰੀਕ ਟਨ ਬਾਸਮਤੀ ਦੀ ਹੋਈ ਖਰੀਦ - ਡਿਪਟੀ ਕਮਿਸ਼ਨਰ

ਅੰਮ੍ਰਿਤਸਰ (ਲੋਕ ਬਾਣੀ)---
ਝੋਨੇ ਦੇ ਸੀਜ਼ਨ ਦੌਰਾਨ ਮੰਡੀਆਂ ਵਿੱਚ ਪੁਖਤਾ ਇੰਤਜ਼ਾਮ ਕੀਤੇ ਗਏ ਹਨ ਅਤੇ ਹੁਣ ਤੱਕ ਮੰਡੀਆਂ ਵਿੱਚ 224260 ਮੀਟਰੀਕ ਟਨ ਬਾਸਮਤੀ ਅਤੇ 9570 ਮੀਟਰੀਕ ਟਨ ਝੋਨਾ ਪਹੁੰਚ ਚੁਕਿਆ ਹੈ। ਇਹ ਪ੍ਰਗਟਾਵਾ ਅੱਜ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਵਲੋਂ ਜਿਲ੍ਹਾ ਮੰਡੀ ਅਫ਼ਸਰ ਸ: ਅਮਨਦੀਪ ਸਿੰਘ, ਜਿਲ੍ਹਾ ਖੁਰਾਕ ਤੇ ਸਪਲਾਈ ਅਫ਼ਸਰ ਸ: ਸਰਤਾਜ ਸਿੰਘ, ਜਿਲ੍ਹਾ ਮੈਨੇਜਰ ਵੇਅਰ ਹਾਊਸ ਗਗਨਦੀਪ ਸਿੰਘ ਰੰਧਾਵਾ, ਜਿਲਾ ਮੈਨੇਜਰ ਪਨਸਪ ਸੁਖਵਿੰਦਰਜੀਤ ਸਿੰਘ ਅਤੇ ਜਿਲ੍ਹਾ ਮੈਨੇਜਰ ਸ: ਮਨਿੰਦਰ ਸਿੰਘ ਨਾਲ ਮੀਟਿੰਗ ਕਰਦਿਆਂ ਕੀਤਾ।
ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਜਿਲ੍ਹੇ ਵਿੱਚ ਕਿਸੇ ਆੜਤੀਏ ਜਾਂ ਕਿਸਾਨ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਸਵੇਰੇ 9:30 ਤੋਂ 10:00 ਵਜੇ ਤੱਕ ਨਿੱਜੀ ਤੌਰ ਤੇ ਦਫ਼ਤਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਿਖੇ ਆ ਕੇ ਮਿਲ ਸਕਦੇ ਹਨ ਜਾਂ ਆਪਣੇ ਮੋਬਾਇਲ ਫੋਨ ਰਾਹੀਂ ਹੀ ਦਿੱਤੇ ਗਏ ਲਿੰਕ https://us@Fweb.zoom.us/j/HDF@GAC@EGF?pwd=DqjsDRlsGCaRbyAizPTWppIHNCOIDA.A ਤੇ ਜਾ ਕੇ ਮੀਟਿੰਗ ਸਬੰਧੀ ਦਿੱਤੇ ਗਏ ਆਈ ਡੀ ਕੋਡ 846 0713 0576 ਅਤੇ ਪਾਸਕੋਡ 498268 ਭਰ ਕੇ ਆਪਣੀ ਮੁਸ਼ਕਿਲਾਂ ਦੱਸ ਸਕਦੇ ਹਨ। ਉਨਾਂ ਦੱਸਿਆ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਕਮੀ ਨਹੀਂ ਹੈ ਅਤੇ ਹਰੇਕ ਮੰਡੀ ਵਿੱਚ ਕਿਸਾਨਾਂ ਦੀ ਸਹੂਲਤ ਲਈ ਅਧਿਕਾਰੀ ਤਾਇਨਾਤ ਕੀਤੇ ਹੋਏ ਹਨ। ਉਨਾਂ ਦਸਿਆ ਕਿ ਜਿਲ੍ਹੇ ਵਿੱਚ ਹੁਣ ਤੱਕ 224260 ਮੀਟਰੀਕ ਟਨ ਬਾਸਮਤੀ ਦੀ ਆਮਦ ਹੋਈ ਹੈ ਅਤੇ ਸਬੰਧਤ ਪ੍ਰਾਈਵੇਟ ਏਜੰਸੀਆਂ ਵਲੋਂ ਪੂਰੀ ਦੀ ਪੂਰੀ ਬਾਸਮਤੀ ਦੀ ਖਰੀਦ ਕਰ ਲਈ ਗਈ ਹੈ। ਉਨਾਂ ਅੱਗੇ ਦੱਸਿਆ ਕਿ ਮੰਡੀਆਂ ਵਿੱਚ 9570 ਮੀਟਰੀਕ ਟਨ ਝੋਨਾ ਆਇਆ ਹੈ। ਜਿਸ ਵਿਚੋਂ ਪ੍ਰਾਈਵੇਟ ਅਤੇ ਸਰਕਾਰੀ ਏਜੰਸੀਆਂ ਵਲੋਂ 8185 ਮੀਟਰੀਕ ਟਨ ਝੋਨੇ ਦੀ ਖਰੀਦ ਕਰ ਲਈ ਗਈ ਹੈ ਅਤੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਕੀਤੀ ਗਈ ਝੋਨੇ ਦੇ ਖਰੀਦ ਦੀ ਅਦਾਇਗੀ 24 ਘੰਟਿਆਂ ਦੇ ਅੰਦਰ ਅੰਦਰ ਕਿਸਾਨਾਂ ਨੂੰ ਕੀਤੀ ਜਾਵੇ।




ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰੀ ਖਰੀਦ ਲਈ ਜਰੂਰੀ ਹੈ ਕਿ ਕਿਸਾਨ 17 ਫੀਸਦੀ ਤੋਂ ਵੱਧ ਨਮੀ ਵਾਲਾ ਝੋਨਾ ਮੰਡੀ ਵਿੱਚ ਨਾ ਲੈ ਕੇ ਆਉਣ। ਡਿਪਟੀ ਕਮਿਸ਼ਨਰ ਸ੍ਰੀਮਤੀ ਸ਼ਾਕਸ਼ੀ ਸਾਹਨੀ ਨੇ ਇਹ ਪ੍ਰਗਟਾਵਾ ਕਰਦੇ ਦੱਸਿਆ ਕਿ ਸਾਡੇ ਵੱਲੋਂ ਝੋਨੇ ਦੀ ਖਰੀਦ ਲਈ ਸਾਰੀਆਂ ਏਜੰਸੀਆਂ ਦੇ ਪ੍ਰਬੰਧ ਕਰ ਲਏ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ ਪਰ ਮੰਡੀਆਂ ਵਿੱਚ ਝੋਨੇ ਦੇ ਅੰਬਾਰ ਨਾ ਲੱਗਣ ਇਸ ਲਈ ਜਰੂਰੀ ਹੈ ਕਿ ਕਿਸਾਨ ਸੁੱਕੀ ਫਸਲ ਮੰਡੀ ਵਿੱਚ ਲੈ ਕੇ ਆਵੇ। ਉਹਨਾਂ ਨੇ ਮੰਡੀ ਅਧਿਕਾਰੀਆਂ ਨੂੰ ਵੀ ਨਿਰਦੇਸ਼ ਦਿੱਤੇ ਕਿ ਉਹ ਮੰਡੀਆਂ ਦੇ ਗੇਟ ਉੱਤੇ ਹੀ ਝੋਨੇ ਦੀ ਜਾਂਚ ਕਰਨ ਅਤੇ ਜੇਕਰ ਝੋਨਾ 17 ਫੀਸਦੀ ਤੋਂ ਵੱਧ ਨਮੀ ਵਾਲਾ ਆਉਂਦਾ ਹੈ ਤਾਂ ਉਸ ਨੂੰ ਮੰਡੀ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ। ਉਨਾਂ ਦੱਸਿਆ ਕਿ ਕੰਬਾਇਨ ਮਾਲਕਾਂ ਦੇ ਮਸ਼ਵਰੇ ਉੱਤੇ ਹੁਣ ਕੰਬਾਇਨਾਂ ਸਵੇਰੇ 10:00 ਵਜੇ ਤੋਂ ਸ਼ਾਮ 7:00 ਵਜੇ ਤੱਕ ਝੋਨੇ ਦੀ ਕਟਾਈ ਕਰ ਸਕਣਗੀਆਂ।
ਇਸ ਮੌਕੇ ਜਿਲਾ ਮੰਡੀ ਅਫਸਰ ਸਰਦਾਰ ਅਮਨਦੀਪ ਸਿੰਘ ਨੇ ਦੱਸਿਆ ਕਿ ਇਸ ਵਾਰ ਜਿਲੇ ਵਿੱਚ 50 ਖਰੀਦ ਕੇਂਦਰ ਬਣਾਏ ਗਏ ਹਨ ਜਿੱਥੇ ਸਰਕਾਰੀ ਖਰੀਦ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਝੋਨੇ ਦੇ ਸਰਕਾਰੀ ਰੇਟ 2320 ਰੁਪਏ ਪ੍ਰਤੀ ਕੁਇੰਟਲ ਏ ਸ਼੍ਰੇਣੀ ਦੇ ਝੋਨੇ ਲਈ ਤੈਅ ਕੀਤੇ ਗਏ ਹਨ। ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਗਿੱਲਾ ਝੋਨਾ ਮੰਡੀ ਵਿੱਚ ਨਾ ਲੈ ਕੇ ਆਉਣ। ਇਸ ਲਈ ਜਰੂਰੀ ਹੈ ਕਿ ਕੰਬਾਈਨਾਂ ਸਵੇਰੇ ਤੜਕੇ ਜਾਂ ਸ਼ਾਮ ਨੂੰ ਦੇਰ ਤੱਕ ਨਾ ਚਲਾਈਆਂ ਜਾਣ ਅਤੇ ਸੁੱਕਾ ਝੋਨਾ ਹੀ ਵੱਢਿਆ ਜਾਵੇ।

ਰੋਜ਼ਾਨਾ ਲੋਕ ਬਾਣੀ
www.lokbani

# ਸਰਕਾਰੀ ਕਾਲਜ, ਮਾਛੀਵਾੜਾ ਵਿਖੇ ਪੁਸਤਕ ਸਮੀਖਿਆ ਤੇ ਵਿਚਾਰ ਚਰਚਾ ਕਰਵਾਈ।






ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ)—ਅੱਜ ਸਰਕਾਰੀ ਕਾਲਜ, ਮਾਛੀਵਾੜਾ ਵਿਖੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਰਮਨਜੀਤ ਕੌਰ ਜੀ ਦੀ ਅਗਵਾਈ ਹੇਠ ਲੜੀਵਾਰ ਪੁਸਤਕ ਸਮੀਖਿਆ ਕਰਵਾਈ ਗਈ। ਇਸ ਲੜੀਵਾਰ ਪ੍ਰਕਿਰਿਆ ਅਧੀਨ ਅੱਜ ਪ੍ਰੋ. ਕਮਲ ਕਿਸ਼ੋਰ ਨੇ ਪ੍ਰਸਿੱਧ ਲੇਖਿਕਾ ਚਿਤਰਾ ਬੈਨਰਜੀ ਦੁਆਰਾ ਲਿਖੀ ਗਈ ਕਿਤਾਬ, ਦੀ ਲਾਸਟ ਕੁਈਨ ਦੀ ਸਮੀਖਿਆ ਕੀਤੀ। ਉਨਾਂ ਕਿਤਾਬ ਤੇ ਚਰਚਾ ਕਰਦੇ ਹੋਏ ਦੱਸਿਆ ਕਿ ਲੇਖਿਕਾ ਨੇ ਮਹਾਰਾਣੀ ਜਿੰਦ ਕੌਰ ਦੇ ਜੀਵਨ ਸੰਘਰਸ਼, ਲਾਹੌਰ ਦਰਬਾਰ ਅਤੇ ਅੰਗਰੇਜ਼ ਸਿੱਖ ਸੰਘਰਸ਼ ਦੌਰਾਨ ਰਾਣੀ ਜਿੰਦਾ ਦੀ ਦ੍ਰਿੜ ਅਗਵਾਈ ਨੂੰ ਬੜੀ ਖੂਬਸੂਰਤੀ ਨਾਲ ਚਿੱਤਰਤ ਕੀਤਾ ਹੈ। ਫਿਕਸ਼ਨ ਫਾਰਮ ਵਿੱਚ ਲਿਖੀ ਇਸ ਕਿਤਾਬ ਦੇ ਅਧਿਐਨ ਦੌਰਾਨ ਤੁਹਾਨੂੰ ਘਟਨਾਕ੍ਰਮ ਸਾਹਮਣੇ ਵਾਪਰਦਾ ਪ੍ਰਤੀਤ ਹੁੰਦਾ ਹੈ। ਪ੍ਰੋ. ਰਮਨਜੀਤ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸਬੰਧਤ ਰੋਚਕ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਪ੍ਰੋ.ਰਾਜ ਕੁਮਾਰ, ਪ੍ਰੋ. ਅਮਰਦੀਪ ਸਿੰਘ ਅਤੇ ਪ੍ਰੋ. ਨੇਹਾ ਚੋਪੜਾ ਵੀ ਹਾਜ਼ਰ ਸਨ।

# ਜਾਓ ਨਾ ਵਨ ਕੋ ਮੇਰੇ ਰਾਮ, ਮੇਰੇ ਰਾਮ ਗੀਤ ਤੇ ਪਾਤਰਾਂ ਸਮੇਤ ਦਰਸ਼ਕਾਂ ਦੀਆਂ ਅੱਖਾਂ ਚੋਂ ਛਲਕੇ ਹੰਝੂ

ਮਾਨਸਾ, (ਲੋਕ ਬਾਣੀ)
ਸ਼੍ਰੀ ਸੁਭਾਸ਼ ਡਰਾਮਾਟਿਕ ਕਲੱਬ ਮਾਨਸਾ ਵਿਖੇ ਦਿਖਾਏ ਜਾਂਦੇ ਸ਼੍ਰੀ ਰਾਮ ਲੀਲਾ ਜੀ ਦੇ ਮੰਚਨ ਦੀ ਅੱਠਵੀਂ ਨਾਈਟ ਦਾ ਉਦਘਾਟਨ ਡਾ. ਮਾਨਵ ਜਿੰਦਲ (ਐਮ.ਐਸ.ਆਰਥੋ) ਅਤੇ ਡਾ. ਦੀਪਿਕਾ ਜਿੰਦਲ (ਗਾਇਨੀਕੋਲੋਜਿਸਟ) ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਭੂ ਸ਼੍ਰੀ ਰਾਮ ਚੰਦਰ ਜੀ ਦੀ ਆਰਤੀ ਕਰਨ ਸੁਭਾਗ ਨਾਇਬ ਤਹਿਸੀਲਦਾਰ ਸ਼੍ਰੀ ਰਜਨੀਸ਼ ਗੋਇਲ ਨੂੰ ਪ੍ਰਾਪਤ ਹੋਇਆ।ਉਨ੍ਹਾਂ ਕਿਹਾ ਕਿ ਜੇਕਰ ਅਸੀਂ ਧਿਆਨ ਨਾਲ ਸ਼੍ਰੀ ਰਮਾਇਣ ਜੀ ਦਾ ਅਧਿਐਨ ਕਰੀਏ ਤਾਂ ਸਾਨੂੰ ਉਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ ਅਤੇ ਸਾਨੂੰ ਉਨ੍ਹਾਂ ਸਿੱਖਿਆਵਾਂ ਨੂੰ ਗ੍ਰਹਿਣ ਕਰਕੇ ਆਪਣੇ ਜੀਵਨ ਨੂੰ ਇੱਕ ਚੰਗੀ ਸੇਧ ਦੇਣੀ ਚਾਹੀਦੀ ਹੈ।ਇਸ ਮੌਕੇ ਸੀਨੀਅਰ ਵਾਇਸ ਪ੍ਰਧਾਨ ਪ੍ਰੇਮ ਕੁਮਾਰ, ਵਾਈਸ ਪ੍ਰਧਾਨ ਸੁਰਿੰਦਰ ਨੰਗਲੀਆ, ਕੈਸ਼ੀਅਰ ਸੁ੍ਸ਼ੀਲ ਕੁਮਾਰ ਵਿੱਕੀ, ਸਟੇਜ ਸਕੱਤਰ ਬਲਜੀਤ ਸ਼ਰਮਾ ਅਤੇ ਅਰੁਣ ਅਰੋੜਾ, ਪਰੋਮਪਟਰ ਬਨਵਾਰੀ ਲਾਲ ਬਜਾਜ ਅਤੇ ਨਵਜੋਤ ਬੱਬੀ, ਵਿਸ਼ਾਲ ਸ਼ਰਮਾ, ਰਾਜ ਕੁਮਾਰ ਰਾਜੀ, ਰਾਜੇਸ਼ ਪੂੜਾ, ਮਾਸਟਰ ਕ੍ਰਿਸ਼ਨ ਕੁਮਾਰ ਮੌਜੂਦ ਸਨ।
ਕਲੱਬ ਦੇ ਚੇਅਰਮੈਨ ਸ਼੍ਰੀ ਅਸ਼ੋਕ ਗਰਗ ਨੇ ਦੱਸਿਆ ਕਿ ਸ਼੍ਰੀ ਸੁਭਾਸ਼ ਡਰਾਮਾਟਿਕ ਕਲੱਬ ਪਿਛਲੇ ਕਈ ਸਾਲਾਂ ਤੋਂ ਸ਼੍ਰੀ ਰਾਮ ਲੀਲਾ ਜੀ ਦਾ ਸਫ਼ਲ ਮੰਚਨ ਕਰਦਾ ਆ ਰਿਹਾ ਹੈ, ਤਾਂ ਜੋ ਅੱਜ ਦੀ ਪੀੜ੍ਹੀ ਪ੍ਰਭੂ ਜੀ ਦੀ ਮਹਿਮਾ ਨਾਲ ਜੁੜ ਕੇ ਨਸਿ੍ਆਂ ਤੋਂ ਦੂਰ ਰਹੇ ਅਤੇ ਆਪਣੇ ਮਾਤਾ—ਪਿਤਾ ਦੀ ਆਗਿਆ *ਚ ਰਹਿ ਕੇ ਸਮਾਜ ਵਿੱਚ ਇੱਕ ਚੰਗੇ ਪ੍ਰਾਣੀ ਵਜੋਂ ਵਿਚਰਨ ਕਰ ਸਕਣ।
ਇਸ ਦੌਰਾਨ ਪ੍ਰਧਾਨ ਸ਼੍ਰੀ ਸੁਭਾਸ਼ ਡਰਾਮਾਟਿਕ ਕਲੱਬ ਅਤੇ ਪ੍ਰਧਾਨ ਨਿਊ ਦੁਸ਼ਹਿਰਾ ਕਮੇਟੀ ਸ਼੍ਰੀ ਪ੍ਰਵੀਨ ਗੋਇਲ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ 13 ਅਕਤੂਬਰ 2024 ਤੱਕ ਚੱਲਣ ਵਾਲੇ ਸ਼੍ਰੀ ਰਾਮ ਲੀਲਾ ਜੀ ਦੇ ਮੰਚਨ ਅਤੇ 12 ਅਕਤੂਬਰ ਨੂੰ ਨਵੀਂ ਅਨਾਜ ਮੰਡੀ ਵਿਖੇ ਮਨਾਏ ਜਾ ਰਹੇ ਬੁਰਾਈ *ਤੇ ਅੱਛਾਈ ਦੀ ਜਿੱਤ ਦੇ ਪ੍ਰਤੀਕ ਦੁਸ਼ਹਿਰੇ ਦੇ ਤਿਓਹਾਰ ਵਿੱਚ ਜ਼ਰੂਰ ਸ਼ਮੂਲੀਅਤ ਕਰਨ।ਉਨ੍ਹਾਂ ਦੱਸਿਆ ਕਿ ਅੱਜ ਦੀ ਨਾਈਟ ਦੀ ਸ਼ੁਰੂਆਤ ਸ਼੍ਰੀ ਰਾਮ ਚੰਦਰ ਜੀ, ਮਾਤਾ ਸੀਤਾ ਜੀ ਅਤੇ ਸ਼੍ਰੀ ਲਕਸ਼ਮਣ ਜੀ ਦੀ ਆਰਤੀ ਕਰ ਕੇ ਕੀਤੀ ਗਈ। ਉਹ ਉਪਰੰਤ ਸ਼੍ਰੀ ਰਾਮ ਚੰਦਰ ਜੀ ਦਾ ਵਨ ਜਾਣਾ, ਪਰਜਾਵਾਸੀਆਂ ਦਾ ਭਾਵੁਕ ਹੋ ਕੇ ਉਨ੍ਹਾਂ ਨੂੰ ਰੋਕਣਾ, ਸੁਮੰਤ ਵਾਪਸੀ, ਰਾਜਾ ਦਸ਼ਰਥ ਮਰਨ, ਕੰਕੋਲਾ, ਨਿਸ਼ਾਦਰਾਜ ਵੱਲੋਂ ਨੌਕਾ ਪਾਰ ਦਾ ਸੀਨ ਲੋਕਾਂ ਵਲੋਂ ਬਹੁਤ ਹੀ ਸਰਾਹੇ ਗਏ।
ਪ੍ਰਧਾਨ ਐਕਟਰ ਬਾਡੀ ਸ਼੍ਰੀ ਵਰੁਣ ਬਾਂਸਲ ਵੀਨੂੰ ਨੇ ਦੱਸਿਆ ਕਿ ਅੱਜ ਦੀ ਨਾਈਟ ਵਿੱਚ ਸ਼੍ਰੀ ਰਾਮ ਚੰਦਰ ਜੀ, ਮਾਤਾ ਸੀਤਾ ਜੀ ਅਤੇ ਸ਼੍ਰੀ ਲਕਸ਼ਮਣ ਜੀ ਦੇ ਰੋਲ ਕ੍ਰਮਵਾਰ ਵਿਪਨ ਕੁਮਾਰ ਅਰੋੜਾ, ਡਾ. ਵਿਕਾਸ ਸ਼ਰਮਾ ਅਤੇ ਸੋਨੂੰ ਰੱਲਾ ਵੱਲੋਂ ਨਿਭਾਏ ਗਏ।ਇੱਕ ਵਾਰ ਫਿਰ ਤੋਂ ਪ੍ਰਵੀਨ ਸ਼ਰਮਾ ਟੋਨੀ, ਸੇਵਕ ਸੰਦਲ, ਮੁਕੇਸ਼, ਵਿਜੈ ਸ਼ਰਮਾ, ਪੁਨੀਤ ਸ਼ਰਮਾ ਗੋਗੀ, ਅਮਨ ਗੁਪਤਾ ਦੇ ਕੰਕੋਲਾ ਦੌਰਾਨ ਵੱਖਰੇ ਅੰਦਾਜ਼ ਨੂੰ ਲੋਕਾਂ ਵੱਲੋਂ ਕਾਫ਼ੀ ਸ਼ਲਾਘਾ ਮਿਲੀ ਅਤੇ ਉਨ੍ਹਾਂ ਦੇ ਪ੍ਰਦਰਸ਼ਨ ਦਾ ਆਨੰਦਾ ਮਾਣਿਆ।ਡੀ.ਬੀ.ਸੀ. ਡਾਂਸ ਅਕੈਡਮੀ ਮਾਨਸਾ ਵੱਲੋਂ ਰਿੰਕੂ ਦੀ ਅਗਵਾਈ ਹੇਠ ਬਿਹਤਰੀਨ ਪ੍ਰਦਰਸ਼ਨ ਕੀਤਾ ਗਿਆ।







ਉਨ੍ਹਾਂ ਦੱਸਿਆ ਕਿ ਸੁਮੰਤ ਅਨੀਸ਼ ਕੁਮਾਰ ਅਤੇ ਬੰਟੀ ਸ਼ਰਮਾ, ਤਰਸੇਮ ਹੋਂਡਾ, ਹੈਰੀ, ਕੇ.ਕੇ. ਕੱਦੂ, ਰਾਜੀਵ ਕੁਮਾਰ ਕਾਲਾ ਵੱਲੋਂ ਪਰਜਾਵਾਸੀਆਂ, ਕੈਕਈ ਗਗਨਦੀਪ ਵਿੱਕੀ, ਦਸ਼ਰਥ ਰਿੰਕੂ ਬਾਂਸਲ, ਗੁਰੂ ਵਿਸਿ੍ਸ਼ਟ ਆਰੀਅਨ ਸ਼ਰਮਾ, ਕੌਸ਼ਲਿਆ ਜੂਨੈਦ ਅਤੇ ਸਮਿੱਤਰਾ ਦਾ ਰੋਲ ਯਸ਼ ਵੱਲੋਂ ਨਿਭਾਏ ਗਏ। ਇਸ ਤੋਂ ਇਲਾਵਾ ਨਿਸ਼ਾਦਰਾਜ ਮਨੋਜ ਅਰੋੜਾ, ਕੇਸ਼ੀ ਸ਼ਰਮਾ, ਜੀਵਨ ਜੁਗਨੀ, ਮੇਹੁਲ ਸ਼ਰਮਾ, ਸਮਰ ਸ਼ਰਮਾ, ਵਿਨਾਇਕ ਸ਼ਰਮਾ ਵੰਸ਼, ਦੀਪੂ, ਚੇਤਨ, ਰਿਹਾਨ, ਮਨੀ, ਹੈਪੀ, ਸੰਜੂ, ਵਿਸ਼ਾਲ, ਹਰਮਨ ਵੱਲੋਂ ਆਪਣੇ ਰੋਲ ਬਾਖ਼ੂਬੀ ਨਿਭਾਏ ਗਏ।

# ਪੁਰਾਣੀਆਂ ਤੇ ਘਾਤਕ ਬਿਮਾਰੀਆਂ ਤੋਂ ਮੁਕਤੀ ਲਈ ਰਾਮਬਾਣ ਸਿੱਧ ਹੋ ਰਹੀ ਸੀ ਐਮ ਦੀ ਯੋਗਸ਼ਾਲਾ



ਜ਼ੀਰਕਪੁਰ, (ਲੋਕ ਬਾਣੀ)ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਨਾਲ ਜੋੜਨ ਲਈ ਚਲਾਈ ਸੀ ਐਮ ਦੀ ਯੋਗਸ਼ਾਲਾ ਹੁਣ ਆਮ ਲੋਕਾਂ ਲਈ ਖਿੱਚ ਦਾ ਕੇਂਦਰ ਬਣ ਲੱਗੀ ਹੈ। ਯੋਗਾ ਕਲਾਸਾਂ 'ਚ ਲੋਕਾਂ ਦੀ ਵਧਦੀ ਮੈਂਬਰਸ਼ਿੱਪ ਅਤੇ ਲੋਕਾਂ ਨੂੰ ਮਿਲ ਰਹੀ ਪੁਰਾਣੀਆਂ ਅਤੇ ਘਾਤਕ ਬਿਮਾਰੀਆਂ ਤੋਂ ਰਾਹਤ ਲੋਕਾਂ ਨੂੰ ਯੋਗਾ ਦੀ ਅਹਿਮੀਅਤ ਬਾਰੇ ਦੱਸ ਰਹੀ ਹੈ।

ਇਹ ਪ੍ਰਗਟਾਵਾ ਕਰਦਿਆਂ ਸੀ ਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਤਹਿਤ ਚਲਾਈਆਂ ਜਾ ਰਹੀਆਂ ਯੋਗਾ ਕਲਾਸਾਂ ਵਾਸਤੇ ਮਾਹਿਰ ਯੋਗਾ ਟ੍ਰੇਨਰ ਲਾਏ ਗਏ ਹਨ ਜੋ ਯੋਗਾ ਵਿੱਚ ਘੱਟੋ-ਘੱਟ ਪੀ ਜੀ ਡਿਪਲੋਮਾ/ ਡਿਗਰੀ ਹੋਲਡਰ ਹਨ। ਇੱਕ ਟ੍ਰੇਨਰ ਨੂੰ ਦਿਨ 'ਚ ਇੱਕ-ਇੱਕ ਘੰਟੇ ਦੀ ਮਿਆਦ ਦੀਆਂ 6-6 ਕਲਾਸਾਂ ਦਿੱਤੀਆਂ ਜਾਂਦੀਆਂ ਹਨ ਜੋ ਸਵੇਰ ਤੋਂ ਲੈ ਕੇ ਸ਼ਾਮ ਤੱਕ ਚਲਦੀਆਂ ਹਨ।

ਉਨ੍ਹਾਂ ਦੱਸਿਆ ਕਿ ਜ਼ੀਰਕਪੁਰ ਦੇ ਬਚਪਨ ਸਕੂਲ ਪਾਰਕ (ਸਵੇਰ ਤੇ ਸ਼ਾਮ ਦੀਆਂ ਦੋ ਕਲਾਸਾਂ), ਟਿਊਬਵੈਲ ਪਾਰਕ ਜਰਨੈਲ ਐਨਕਲੇਵ-1, ਸ੍ਰੀ ਚਰਨ ਕਮਲ ਸਾਹਿਬ ਗੁਰਦੁਆਰਾ, ਸੰਤ ਨਿਰੰਕਾਰੀ ਭਵਨ, ਜਰਨੈਲ ਦੌਲਤ ਸਿੰਘ ਪਾਰਕ ਭਬਾਤ ਵਿਖੇ ਯੋਗਾ ਕਲਾਸਾਂ ਲੈ ਰਹੀ ਯੋਗਾ ਟ੍ਰੇਨਰ ਸ਼ੀਤਲ ਚੰਡੀਗੜ੍ਹ ਦੇ ਸੈਕਟਰ 23 ਦੇ ਕਲਾਜ ਤੋਂ ਯੋਗਾ 'ਚ ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ ਹੋਣ ਤੋਂ ਬਾਅਦ ਹੁਣ ਆਪਣੀ ਪੋਸਟ ਗ੍ਰੈਜੂਏਟ ਡਿਗਰੀ ਵੀ ਨਾਲੋ-ਨਾਲ ਕਰ ਰਹੀ ਹੈ। ਉਸ ਕੋਲ ਯੋਗਾ ਸਿੱਖਣ ਆ ਰਹੇ ਲੋਕ ਆਪਣੀ ਜੀਵਨ ਸ਼ੈਲੀ 'ਚ ਵੱਡਾ ਬਦਲਾਅ ਮਹਿਸੂਸ ਕਰ ਰਹੇ ਹਨ।

ਸ਼ੀਤਲ ਅਨੁਸਾਰ ਉਸ ਕੋਲ 150 ਤੋਂ ਵਧੇਰੇ ਭਾਗੀਦਾਰ ਰੋਜ਼ਾਨਾ ਲਾਈਆਂ ਜਾ ਰਹੀਆਂ 6 ਯੋਗਾ ਕਲਾਸਾਂ 'ਚ ਆਉਂਦੇ ਹਨ, ਜਿਨ੍ਹਾਂ 'ਚੋਂ ਦੋ ਕੇਸਾਂ ਦਾ ਜ਼ਿਕਰ ਕਰਨਾ ਉਹ ਬਹੁਤ ਜ਼ਰੂਰੀ ਸਮਝਦੀ ਹੈ। ਇਨ੍ਹਾਂ 'ਚੋਂ ਇੱਕ ਮਹਿਲਾ ਨੂੰ ਯੋਗਾ ਤੋਂ ਬਾਅਦ ਛਾਤੀ ਦੇ ਕੈਂਸਰ ਜਿਹੀ ਸਮੱਸਿਆ ਤੋਂ ਰਾਹਤ ਮਿਲੀ ਹੈ ਜਦਕਿ ਇੱਕ ਹੋਰ ਮਹਿਲਾ ਨੂੰ ਬ੍ਰੇਨ ਦੀ ਟਿਊਮਰ ਵਰਗੀ ਬਿਮਾਰੀ ਤੋਂ ਰਾਹਤ ਮਹਿਸੂਸ ਹੋਈ ਹੈ। ਉਸ ਦਾ ਕਹਿਣਾ ਹੈ ਕਿ ਉਹ ਖ਼ੁਦ ਇਨ੍ਹਾਂ ਦੋਵਾਂ ਨੂੰ ਯੋਗਾ ਤੋਂ ਮਿਲੇ ਇਸ ਕਦਰ ਲਾਭ ਨੂੰ ਵੱਡਾ ਕ੍ਰਿਸ਼ਮਾ ਮੰਨਦੀ ਹੈ।

ਇਸ ਤੋਂ ਇਲਾਵਾ ਸਰਵਾਇਕਲ ਦੇ ਦਰਦ, ਸ਼ੂਗਰ, ਬੀ ਪੀ ਦੀ ਸਮੱਸਿਆ, ਜੋੜਾਂ ਤੇ ਗੋਡਿਆਂ ਦੇ ਦਰਦ ਤੇ ਮੋਟਾਪੇ ਨਾਲ ਜੂਝਦੇ ਲੋਕ ਆਪਣੀਆਂ ਇਨ੍ਹਾਂ ਮੁਸ਼ਕਿਲਾਂ ਤੋਂ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਉਸ ਦਾ ਕਹਿਣਾ ਹੈ ਕਿ ਹਫ਼ਤੇ 'ਚ 6 ਦਿਨ ਕਲਾਸਾਂ ਲਾਈਆਂ ਜਾਂਦੀਆਂ ਹਨ ਅਤੇ ਛੁੱਟੀ ਦੇ ਦਿਨ ਉਨ੍ਹਾਂ ਨੂੰ ਘਰ 'ਚ ਆਪਣੇ ਆਪ ਇਸ ਅਭਿਆਸ ਨੂੰ ਦੁਹਰਾਉਣ ਲਈ ਕਿਹਾ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ ਯੋਗਾ ਅਤੇ ਮੈਡੀਟੇਸ਼ਨ ਸਰੀਰ ਅਤੇ ਦਿਮਾਗ ਨੂੰ ਆਰਾਮ ਪਹੁੰਚਾਉਂਦੇ ਹਨ, ਇਸ ਲਈ ਸਾਨੂੰ ਇਸ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਤਹਿਤ ਯੋਗਾ ਕਲਾਸ 'ਚ ਆਉਣ ਵਾਲਿਆਂ ਤੋਂ ਕੋਈ ਫ਼ੀਸ ਨਹੀਂ ਲਈ ਜਾਂਦੀ।

# ਨਗਰ ਨਿਗਮ ਦੇ ਅਧਿਕਾਰੀਆਂ,ਕਰਮਚਾਰੀਆਂ ਦੀ ਅਣਦੇਖੀ ਦੇ ਚੱਲਦਿਆਂ ਗਰੀਨ ਫੀਲਡ ਦੇ ਲੋਕ ਪੇਸ਼ਾਨ



ਅੰਮ੍ਰਿਤਸਰ, (ਲੋਕ ਬਾਣੀ) ਨਗਰ ਨਿਗਮ ਕਮਿਸ਼ਨਰ, ਅੰਮ੍ਰਿਤਸਰ ਦੇ ਮੇਅਰ ਅਤੇ ਕੌਂਸਲਰਾਂ ਦੀਆਂ ਖਾਲੀ ਪਈਆਂ ਕੁਰਸੀਆਂ ਦੇ ਚੱਲਦਿਆਂ ਸ਼ਹਿਰ ਵਾਸੀ ਮੁਸ਼ਕਲਾਂ ਦਾ ਸ਼ਿਕਾਰ ਹੋ ਰਹੇ ਹਨ। ਅਧਿਕਾਰੀਆਂ, ਕਰਮਚਾਰੀਆਂ ਸਮੇਤ ਨਗਰ ਨਿਗਮ ਦੇ ਫੋਨ ਤੇ ਲਗਾਤਾਰ ਸ਼ਿਕਾਇਤਾਂ ਦਰਜ ਕਰਾਉਂਣ ਦੇ ਬਾਵਜੂਦ ਵੀ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਨੂੰ ਲੈ ਕੇ ਕੋਈ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।

ਮਜੀਠਾ ਰੋਡ ਸਥਿਤ ਵਾਰਡ ਨੰਬਰ 12 ਦੇ ਇਲਾਕੇ ਗਰੀਨ ਫੀਲਡ,ਗਲੀ ਨੰਬਰ ਇੱਕ,ਨਜ਼ਦੀਕ ਤ੍ਰਿਪੁਤੀ ਬਾਲਾ ਜੀ ਦਾ ਮੰਦਿਰ ਵਿਖੇ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਬੰਦ ਸੀਵਰੇਜ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਲੋਕ ਦੁਖੀ ਹੋ ਚੁੱਕੇ ਹਨ। ਇਲਾਕਾ ਨਿਵਾਸੀ ਬਲਕਾਰ ਸਿੰਘ,ਕੁਲਦੀਪ ਕੁਮਾਰ,ਸੰਜੂ ਵਧਵਾ,ਜਸਬੀਰ ਸਿੰਘ ਬੱਲ, ਪ੍ਰਮੋਦ ਕੁਮਾਰ ਨੇ ਦੱਸਿਆ ਕਿ ਲਗਾਤਾਰ ਸੀਵਰੇਜ ਬੰਦ ਰਹਿਣ ਕਰਨ ਚੈਂਬਰਾਂ ਦੇ ਰਸਤੇ ਗੰਦਾ ਤੇ ਬਦਬੂਦਾਰ ਪਾਣੀ ਗਲੀਆਂ ਵਿੱਚ ਫੈਲਿਆ ਹੋਇਆ ਹੈ। ਜਿੱਥੇ ਲੋਕਾਂ ਦਾ ਪਲ ਪਲ ਬਤੀਤ ਕਰਨਾ ਮੁਸ਼ਕਿਲ ਹੋ ਰਿਹਾ ਹੈ। ਗੰਦੇ ਪਾਣੀ ਤੇ ਮੱਛਰਾਂ ਦੀ ਪਰਮਾਰ ਦੇ ਚੱਲਦਿਆਂ ਇਲਾਕੇ ਵਿੱਚ ਬਿਮਾਰੀਆਂ ਫੈਲਣ ਦਾ ਖਤਰਾ ਵੀ ਬਣਿਆ ਹੋਇਆ ਹੈ। ਮੁਸ਼ਕਲਾਂ ਨੂੰ ਲੈ ਕੇ ਜੇਈ ਜੋਗਿੰਦਰਪਾਲ ਸਿੰਘ ਭੁੱਲਰ, ਐਸਡੀਓ ਤਰੁਣਪ੍ਰੀਤ ਸਿੰਘ ਨੂੰ ਵੀ ਸੂਚਿਤ ਕਰਨ ਦੇ ਬਾਵਜੂਦ ਕਿਸੇ ਨੇ ਵੀ ਕੋਈ ਧਿਆਨ ਨਹੀਂ ਦਿੱਤਾ। ਇਲਾਕੇ ਦੀ ਰਹੀ ਕੌਂਸਲਰ ਅਤੇ ਮਹੱਲਾ ਪ੍ਰਧਾਨ ਨੂੰ ਵੀ ਅਪੀਲ ਕੀਤੀ ਗਈ ਪਰ ਉਹਨਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਦੇ ਅਧਿਕਾਰੀ ਤੇ ਕਰਮਚਾਰੀ ਟਾਲ ਮਟੋਲ ਕਰਦੇ ਹੋਏ ਮੁਸ਼ਕਿਲਾਂ ਵੱਲ ਧਿਆਨ ਨਹੀਂ ਦੇ ਰਹੇ ਹਨ। ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਬੰਦ ਸੀਵਰੇਜ ਦੀ ਮੁਸ਼ਕਿਲ ਦਾ ਹੱਲ ਕਰਨ ਨੂੰ ਲੈ ਕੇ ਨਗਰ ਨਿਗਮ ਦੇ ਫੋਨ ਨੰਬਰ 0183-22563490 ਤੇ 14 ਅਗਸਤ 2024 ਨੂੰ ਸ਼ਿਕਾਇਤ ਨੰਬਰ 100,23 ਸਤੰਬਰ 2024 ਨੂੰ ਸ਼ਿਕਾਇਤ ਨੰਬਰ 324,25 ਸਤੰਬਰ ਨੂੰ ਸ਼ਿਕਾਇਤ ਨੰਬਰ 354,30 ਸਤੰਬਰ ਨੂੰ ਸ਼ਿਕਾਇਤ ਨੰਬਰ 466 ਤਹਿਤ ਕਈ ਅਪੀਲਾਂ ਵੀ ਕੀਤੀਆਂ ਗਈਆਂ। ਪਰ ਅੱਜ ਤੱਕ ਬੰਦ ਸੀਵਰੇਜ ਦੀ ਮੁਸ਼ਕਿਲ ਦਾ ਹੱਲ ਨਹੀਂ ਕੀਤਾ ਗਿਆ ਹੈ।

ਵਿਭਾਗ ਦੇ ਸਬੰਧਿਤ ਐਸ.ਈ ਸੰਦੀਪ ਸਿੰਘ ਨੇ ਕਿਹਾ ਕਿ ਬੰਦ ਸੀਵਰੇਜ ਦੀ ਮੁਸ਼ਕਿਲ ਨੂੰ ਲੈ ਕੇ ਮਾਮਲਾ ਉਹਨਾਂ ਦੇ ਧਿਆਨ ਵਿੱਚ ਨਹੀਂ ਸੀ। ਮੁਸ਼ਕਿਲ ਨੂੰ ਹੱਲ ਕਰਨ ਦੇ ਲਈ ਐਸ.ਡੀ.ਓ ਤਰੁਣਪ੍ਰੀਤ ਸਿੰਘ ਦੀ ਡਿਊਟੀ ਲਗਾ ਕੇ ਇਲਾਕਾ ਨਿਵਾਸੀਆਂ ਨੂੰ ਸਹੂਲਤ ਦਿੱਤੀ ਜਾਵੇਗੀ।

# ਸੈਂਟਰ ਪੱਧਰ ਤੇ ਕਰਵਾਈਆਂ ਖੇਡਾਂ ਵਿੱਚ ਖਾਨਪੁਰ ਸਕੂਲ ਦੇ ਵਿਦਿਆਰਥੀਆਂ ਦੀ ਰਹੀ ਝੰਡੀ



ਸ੍ਰੀ ਮਾਛੀਵਾੜਾ ਸਾਹਿਬ-0(ਲੋਕ ਬਾਣੀ) ਸੈਂਟਰ ਪੱਧਰ ਤੇ ਸੱਤਿਆ ਐਲੀਮੈਂਟਰੀ ਸਕੂਲ ਖਾਨਪੁਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਜਾਣਕਾਰੀ ਦਿੰਦਿਆਂ ਮੁੱਖ ਅਧਿਆਪਕਾ ਮਨਜੀਤ ਕੌਰ ਨੇ ਦੱਸਿਆ ਕਿ ਸੱਤਿਆ ਐਲੀਮੈਂਟਰੀ ਸਕੂਲ ਖਾਨਪੁਰ ,ਸਰਕਾਰੀ ਪ੍ਰਾਇਮਰੀ ਸਕੂਲ ਚੌਂਤਾ, ਸਰਕਾਰੀ ਪ੍ਰਾਇਮਰੀ ਸਕੂਲ ਹਾਦੀਵਾਲ, ਸਰਕਾਰੀ ਪ੍ਰਾਇਮਰੀ ਸਕੂਲ ਮੰਡ ਚੌਂਤਾ, ਸੱਤਿਆ ਭਾਰਤੀ ਸਕੂਲ ਸਤਿਆਣਾ , ਸਰਕਾਰੀ ਪ੍ਰਾਇਮਰੀ ਸਕੂਲ ਫਤਿਹਗੜ੍ਹ ਗੁੱਜਰਾਂ ,ਸਰਕਾਰੀ ਪ੍ਰਾਇਮਰੀ ਸਕੂਲ ਢੋਲਣਵਾਲ ਦੇ ਵਿਦਿਆਰਥੀਆਂ ਨੇ ਸੈਂਟਰ ਪੱਧਰ ਦੀਆਂ ਖੇਡਾਂ ਵਿੱਚ ਭਾਗ ਲਿਆ। ਜਿਸ ਵਿੱਚ 100 ਮੀਟਰ ਰੇਸ ਵਿੱਚ ਆਕਾਸ਼ਦੀਪ ਸਿੰਘ ਬਿਰਦੀ ਫਸਟ ,ਲੜਕੀਆਂ ਵਿੱਚੋਂ ਤਨਵੀਰ ਕੌਰ 100 ਮੀਟਰ ਰੇਸ ਵਿੱਚੋਂ ਫਸਟ ,200 ਮੀਟਰ ਇਸ ਵਿੱਚ ਈਸਾ ਬਾਲੀ ਫਸਟ ,ਤਨਵੀਰ ਕੌਰ ਸੈਕਿੰਡ, ਜਦ ਕਿ ਰਮਨਪ੍ਰੀਤ ਜੱਸਲ 200 ਮੀਟਰ ਇਸ ਵਿੱਚੋਂ ਫਸਟ ਰਿਹਾ। ਲੰਬੀ ਸ਼ਾਲ ਮੁਕਾਬਲੇ ਵਿੱਚ ਦਿੱਬਤ ਮਾਨ ਫਸਟ, ਅਵੀਜੋਤ ਸਿੰਘ ਸੈਕਿੰਡ, ਰਮਨਪ੍ਰੀਤ ਜੱਸਲ ਤੀਜੇ ਸਥਾਨ ਤੇ ਰਹੇ। ਲੰਬੀ ਛਾਲ ਲੜਕੀਆਂ ਦੇ ਮੁਕਾਬਲੇ ਵਿੱਚ ਈਸ਼ਾ ਵਾਲੀ ਫਸਟ ਤਨਵੀਰ ਕੌਰ ਸੈਕਿੰਡ ਰਹੀ। ਜਦਕਿ ਕਬੱਡੀ ਵਿੱਚ ਪਹਿਲਾ ਸਥਾਨ ਖਾਨਪੁਰ ਦੇ ਲੜਕਿਆਂ ਨੇ ਪ੍ਰਾਪਤ ਕੀਤਾ ਅਤੇ ਲੜਕੀਆਂ ਦੀ ਕਬੱਡੀ ਟੀਮ ਵੀ ਖਾਨਪੁਰ ਸਕੂਲ ਦੀ ਹੀ ਫਸਟ ਰਹੀ। ਖੋ-ਖੋ ਵਿੱਚ ਲੜਕੇ ਅਤੇ ਲੜਕੀਆਂ ਦੀਆਂ ਦੋਨੋਂ ਟੀਮਾਂ ਸੱਤਿਆ ਐਲੀਮੈਂਟਰੀ ਸਕੂਲ ਖਾਨਪੁਰ ਦੀਆਂ ਹੀ ਪਹਿਲੇ ਸਥਾਨਾਂ ਤੇ ਰਹੀਆਂ ।ਫੁੱਟਬਾਲ ਵਿੱਚ ਵੀ ਖਾਨਪੁਰ ਦੇ ਵਿਦਿਆਰਥੀਆਂ ਨੇ ਪਹਿਲਾ ਸਥਾਨ ਹਾਸਿਲ ਕੀਤਾ । ਇਸ ਤੋਂ ਬਿਨਾਂ 30 ਕਿਲੋ ਭਾਰ ਵਰਗ ਕੁਸ਼ਤੀਆਂ ਵਿੱਚ ਪਹਿਲੇ ਦੋਨੋਂ ਸਥਾਨ ਵੀ ਖਾਨਪੁਰ ਦੇ ਵਿਦਿਆਰਥੀਆਂ ਦੇ ਹਿੱਸੇ ਆਏ ਅਤੇ ਰੱਸ਼ਾਕਸ਼ੀ ਦਾ ਮੁਕਾਬਲਾ ਵੀ ਖਾਨਪੁਰ ਦੇ ਵਿਦਿਆਰਥੀਆਂ ਨੇ ਹੀ ਜਿੱਤਿਆ। ਕੁੱਲ ਮਿਲਾ ਕੇ ਸੈਂਟਰ ਪੱਧਰ ਤੇ ਹੋਈਆਂ ਖੇਡਾਂ ਵਿੱਚ ਸੱਤਿਆ ਐਲੀਮੈਂਟਰੀ ਸਕੂਲ ਖਾਨਪੁਰ ਦੇ ਵਿਦਿਆਰਥੀ ਛਾਏ ਰਹੇ ਅਤੇ ਉਹਨਾਂ ਲਗਭਗ ਹਰੇਕ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ। ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਲਈ ਉਚੇਚੇ ਤੌਰ ਤੇ ਬਲਾਕ ਸਿੱਖਿਆ ਅਫਸਰ ਪਰਮਜੀਤ ਸਿੰਘ ਨੇ ਸ਼ਿਰਕਤ ਕੀਤੀ ।ਉਹਨਾਂ ਜਿੱਥੇ ਵਿਦਿਆਰਥੀਆਂ ਦੀਆਂ ਖੇਡਾਂ ਦਾ ਆਨੰਦ ਮਾਣਿਆ ਉੱਥੇ ਵਿਦਿਆਰਥੀਆਂ ਨੂੰ ਕਿਤਾਬੀ ਸਿੱਖਿਆ ਦੇ ਨਾਲ ਨਾਲ ਆਪਣੀ ਸਿਹਤ ਪੱਧਰ ਨੂੰ ਉੱਚਾ ਰੱਖਣ ਲਈ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸਮਾਜ ਸੇਵੀ ਮੈਡਮ ਲਵਲੀ ਆਨੰਦ ਨੇ ਜੇਤੂ ਵਿਦਿਆਰਥੀਆਂ ਦੀ ਹੌਸਲਾ ਵਧਾਈ ਕਰਦਿਆਂ ਉਹਨਾਂ ਨੂੰ ਅੱਗੇ ਤੋਂ ਹੋਰ ਮਿਹਨਤ ਕਰ ਉੱਚੀਆਂ ਮੰਜ਼ਿਲਾਂ ਸਰ ਕਰਨ ਲਈ ਪ੍ਰੇਰਿਤ ਕੀਤਾ ਅਤੇ ਇਸ ਸ਼ਾਨਦਾਰ ਨਤੀਜਿਆਂ ਲਈ ਸਕੂਲ ਅਧਿਆਪਕਾਂ ਨੂੰ ਵਧਾਈ ਦਿੱਤੀ।

# ਐਸ ਐਮ ਓ ਡਾ ਸਵਰਨਜੀਤ ਧਵਨ ਦਾ ਮਨਾਇਆ ਜਨਮਦਿਨ




ਅੰਮ੍ਰਿਤਸਰ (ਲੋਕ ਬਾਣੀ) ਸਿਵਲ ਹਸਪਤਾਲ ਅੰਮ੍ਰਿਤਸਰ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ: ਸਵਰਨਜੀਤ ਧਵਨ ਦਾ ਜਨਮ ਦਿਨ ਮਨਾਇਆ ਗਿਆ ਇਸ ਮੌਕੇ ਤੇ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਆਫ਼ ਪੰਜਾਬ ਦੇ ਚੇਅਰਮੈਨ ਪੰਡਿਤ ਰਾਕੇਸ਼ ਸ਼ਰਮਾ, ਸਟੇਟ ਪ੍ਰਧਾਨ ਆਚਾਰੀਆ ਗੁਰੂ ਮੀਤ ਰਾਜਪ੍ਰੋਹਿਤ, ਸਕੱਤਰ ਸੰਜੀਵ ਆਨੰਦ ਸੀਨੀਅਰ ਚੀਫ਼ ਫਾਰਮੇਸੀ ਅਫ਼ਸਰ, ਜ਼ਿਲ੍ਹਾ ਪ੍ਰਧਾਨ ਰਘੂ ਤਲਵਾੜ, ਮਨਿਸਟੀਰੀਅਲ ਸਰਵਿਸਿਜ਼ ਦੇ ਜ਼ਿਲ੍ਹਾ ਪ੍ਰਧਾਨ ਸੁਮਿਤ ਸ਼ਰਮਾਂ, ਡਾਕਟਰ ਕਾਰਤਿਕ ਭਗਤ, ਸੇਵਾ ਮੁਕਤ ਡਾਕਟਰ ਮਦਨ ਮੋਹਨ ਆਦਿ ਮੌਜੂਦ ਸਨ।

ਡਾਕਟਰ ਸਵਰਨਜੀਤ ਧਵਨ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ ਅਤੇ ਇਸ ਉਪਰੰਤ ਡਾਕਟਰ ਸਵਰਨਜੀਤ ਧਵਨ ਵੱਲੋਂ ਹਸਪਤਾਲ ਦੇ ਸਫ਼ਾਈ ਸੇਵਕਾਂ ਨੂੰ ਮਠਿਆਈਆ ਵੰਡੀਆ ਗਈਆਂ।

# ਜ਼ਿਲ੍ਹੇ ਦੇ 176 ਗ੍ਰਾਮ ਪੰਚਾਇਤਾਂ ਲਈ 649 ਸਰਪੰਚ ਅਤੇ 2233 ਪੰਚਾਂ ਦੀਆਂ ਨਾਮਜ਼ਦਗੀਆਂ ਦਾਖਲ , ਕਾਗਜਾਂ ਦੀ ਪੜਤਾਲ ਜਾਰੀ





ਮਾਲੇਰਕੋਟਲਾ (ਲੋਕ ਬਾਣੀ)) ਪੰਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿੱਚ 176 ਪੰਚਾਇਤਾਂ ਬਾਬਤ ਸਰਪੰਚਾਂ ਲਈ 649 ਅਤੇ ਪੰਚਾਂ ਲਈ 2233 ਨਾਮਜਾਦੀਆਂ ਦਾਖ਼ਲ ਹੋਈਆ ਹਨ । ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਦੱਸਿਆ ਕਿ ਬਲਾਕ ਮਾਲੇਰਕੋਟਲਾ ਵਿੱਚ ਪੰਚਾਇਤਾਂ ਦੀ ਗਿਣਤੀ 69,ਅਮਰਗੜ੍ਹ ਵਿੱਚ 60, ਅਹਿਮਦਗੜ੍ਹ ਵਿੱਚ 47 ਹੈ। ਨਾਮਜ਼ਦਗੀਆਂ ਬਲਾਕ ਮਾਲੇਰਕੋਟਲਾ ਲਈ 247 ਸਰਪੰਚਾਂ ਲਈ ਅਤੇ 862 ਪੰਚਾਂ ਲਈ, ਅਮਰਗੜ੍ਹ ਵਿੱਚ 230 ਸਰਪੰਚਾਂ ਲਈ ਅਤੇ 736 ਪੰਚਾਂ ਲਈ ਅਤੇ ਬਲਾਕ ਅਹਿਮਦਗੜ੍ਹ ਲਈ 172 ਸਰਪੰਚਾਂ ਅਤੇ 635 ਪੰਚਾਂ ਲਈ ਨਾਮਜ਼ਦਗੀਆਂ ਦਾਖਲ ਹੋਈਆ ਹਨ ।

ਉਨ੍ਹਾਂ ਦੱਸਿਆ ਕਿ ਪੰਚਾਇਤੀ ਚੋਣਾਂ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 256 ਪੋਲਿੰਗ ਸਟੇਸ਼ਨਾਂ ਤੇ ਕਰੀਬ 1552 ਪੋਲਿੰਗ ਸਟਾਫ (ਸਮੇਤ ਰਿਜਰਵ ਸਟਾਫ) ਦੀ ਡਿਊਟੀ ਲਗਾਈ ਗਈ ਹੈ। ਪੰਚਾਇਤੀ ਚੋਣਾਂ ਲਈ ਨਿਯੁਕਤ ਕੀਤੇ ਜਾਣ ਵਾਲੇ ਪੋਲਿੰਗ ਸਟਾਫ ਦੀ 6,11 ਤੇ 14 ਅਕਤੂਬਰ ਨੂੰ ਹੋਣ ਵਾਲੀ ਟਰੇਨਿੰਗ ਲਈ ਪੋਲਿੰਗ ਸਟਾਫ ਦੀ ਸਹੂਲਤ ਲਈ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰ ਲਏ ਗਏ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ । ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਅੰਦਰ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਿਖਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਚੋਣ ਖਰਚਿਆਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਇਸ ਲਈ ਉਹ ਆਪਣੀ ਨਿਰਧਾਰਿਤ ਖਰਚ ਸੀਮਾਂ ਵਿੱਚ ਖਰਚ ਕਰਨ ਨੂੰ ਯਕੀਨੀ ਬਣਾਉਣ ।ਉਨ੍ਹਾਂ ਦੱਸਿਆ ਕਿ ਕਾਗਜ਼ਾਂ ਦੀ ਪੜਤਾਲ ਅੱਜ 5 ਅਕਤੂਬਰ, 2024 ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 7 ਅਕਤੂਬਰ, 2024 ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਹੈ।

# ਅਮਰਗੜ੍ਹ ਤੋਂ ਵਿਧਾਇਕ ਗੱਜਣਮਾਜਰਾ ਦੇ ਭਰਾ ਬਲਵੰਤ ਸਿੰਘ ਨੂੰ ਵੀ ਈਡੀ ਨੇ ਕੀਤਾ ਗ੍ਰਿਫ਼ਤਾਰ,ਚਾਰ ਦਿਨ ਦੇ ਰਿਮਾਂਡ ਤੇ ਭੇਜਿਆ।



ਮਾਲੇਰਕੋਟਲਾ (ਲੋਕ ਬਾਣੀ) ਜਿਲਾ ਮਾਲੇਰਕੋਟਲਾ ਦੇ ਵਿਧਾਨ ਸਭਾ ਹਲਕਾ ਅਮਰਗੜ੍ਹ ਤੋਂ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਵਿੱਚ ਵਿਧਾਇਕ ਜਸਵੰਤ ਸਿੰਘ ਗੱਜਣ ਮਾਜਰਾ ਜੋ ਕਿ ਪਹਿਲਾਂ ਹੀ ਬੈਂਕ ਧੋਖਾਧੜੀ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਹੈ। ਦੇ ਭਰਾ ਤਾਰਾ ਹੈਲਥ ਫੀਡ ਦੇ ਐਮ ਡੀ ਬਲਵੰਤ ਸਿੰਘ ਗੱਜਣ ਮਾਜਰਾ ਨੂੰ ਅੱਜ ਜਲੰਧਰ ਈ ਡੀ ਵਲੋ ਗਿ੍ਫਤਾਰ ਕਰ ਲਿਆ ਹੈ ਜਾਣਕਾਰੀ ਅਨੁਸਾਰ ਹਲਕਾ ਅਮਰਗੜ ਤੋ ਵਿਧਾਇਕ ਜਸਵੰਤ ਸਿੰਘ ਗਜੱਣ ਮਾਜਰਾ ਜੋ ਬੈਂਕ ਦੇ 40 ਕਰੋੜ ਦੀ ਹੇਰਾਫੇਰੀ ਮਾਮਲੇ ਵਿੱਚ ਜੇਲ ਵਿੱਚ ਹਨ ਵਿਧਇਕ ਦੇ ਭਰਾ ਬਲਵੰਤ ਸਿੰਘ ਗੱਜਣ ਮਾਜਰਾ ਵੀ ਇਸ ਮਾਮਲੇ ਵਿੱਚ ਈਡੀ ਤੋ ਫਰਾਰ ਚਲ ਰਹੇ ਸੀ ਕਿਉ ਕਿ ਉਹ ਤਾਰਾ ਹੈਲਥ ਫੀਡ ਦੇ ਐਮ ਡੀ ਸਨ ਸੂਤਰਾ ਅਨੁਸਾਰ ਅੱਜ ਜਲੰਧਰ ਈਡੀ ਵਲੋ ਬਲਵੰਤ ਸਿੰਘ ਨੂੰ ਕਾਬੂ ਕਰ ਕੇ ਚਾਰ ਦਿਨ ਦੇ ਰਿਮਾਂਡ ਤੇ ਲਿਆ ਹੈ।ਜਿਸ ਉੱਪਰ ਇਨਫ਼ੋਰਸਮੈਂਟ ਡਾਇਰੈਕਟੋਰੇਟ

ਨੇ 40.92 ਕਰੋੜ ਰੁਪਏ ਦੇ ਬੈਂਕ ਧੋਖਾਧੜੀ ਦੇ ਮਾਮਲੇ ਵਿਚ ਛੇ ਹੋਰਾਂ ਵਿਰੁੱਧ ਮੁਕੱਦਮਾ ਦਰਜ ਕੀਤਾ ਹੋਇਆ ਹੈ।

# ਜਿਲ੍ਹਾ ਮਾਲੇਰਕੋਟਲਾ ਦੀ ਡੇਂਗੂ ਖਿਲਾਫ਼ ਜੰਗ ਸਿਹਤ ਵਿਭਾਗ ਨੇ ਜ਼ਿਲ੍ਹੇ ਦੇ 92 ਸਕੂਲਾਂ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



ਮਾਲੇਰਕੋਟਲਾ (ਲੋਕ ਬਾਣੀ) ਸਿਵਲ ਸਰਜਨ ਡਾ. ਸੰਜੇ ਗੋਇਲ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਜਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਦੀ ਨਿਗਰਾਨੀ ਹੇਠ ਚੱਲ ਰਹੇ ਹੇਠ ਐਨ. ਵੀ. ਬੀ. ਡੀ. ਸੀ. ਪੀ ਪ੍ਰੋਗਰਾਮ ਅਧੀਨ ਜ਼ਿਲ੍ਹੇ ਭਰ ਦੇ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕਰਨ ਤੇ ਲਾਰਵਾ ਨਰੀਖਣ ਦੀ ਵੱਡੀ ਮੁਹਿੰਮ ਵਿੱਢੀ ਹੋਈ ਹੈ, ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਮੁਨੀਰ ਮੁਹੰਮਦ ਨੇ ਦੱਸਿਆ ਕੇ ਜ਼ਿਲ੍ਹੇ ਵਿੱਚ ਅੱਜ ਸਿਹਤ ਵਿਭਾਗ ਦੇ ਮਲਟੀਪਰਪਜ ਹੈਲਥ ਵਰਕਰਾਂ ਦੀਆਂ ਟੀਮਾਂ

ਵੱਲੋਂ ਪ੍ਰਾਇਮਰੀ ਸਕੂਲਾਂ ਵਿੱਚ ਜਾ ਕੇ ਟੀਮਾਂ ਵੱਲੋਂ ਵਿਦਿਆਰਥੀਆਂ ਨੂੰ ਡੇਂਗੂ ਤੋਂ ਬਚਾਅ ਬਾਰੇ ਜਾਗਰੂਕ ਕੀਤਾ ਗਿਆ ਤੇ

ਸਕੂਲਾਂ ਸਮੇਤ ਘਰਾਂ ਦੇ ਵਿੱਚ ਲਾਰਵਾ ਨਰੀਖਣ ਕੀਤਾ ਗਿਆ ,ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਕਿਹਾ ਕੇ ਜਿਲ੍ਹਾ ਸਿਹਤ ਟੀਮਾਂ ਵੱਲੋਂ ਹੁਣ ਤੱਕ ਕਰੀਬ 416 ਥਾਵਾਂ ਤੋਂ ਲਾਰਵਾ ਲੱਭ ਕੇ ਨਸ਼ਟ ਕਰਵਾਇਆ ਗਿਆ ਜਿਸ ਨਾਲ ਵੱਡੇ ਪੱਧਰ ਤੇ ਡੇਂਗੂ ਦਾ ਖ਼ਤਰਾ ਟਲਿਆ ਹੈ ਅਤੇ ਅੱਜ ਕਰੀਬ 92 ਸਕੂਲਾਂ ਵਿੱਚ ਜਾ ਕੇ ਹਜ਼ਾਰਾਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਗਿਆ ਤਾਂ ਜੋ ਡੇਂਗੂ ਤੋਂ ਬਚਾਅ ਦਾ ਸੁਨੇਹਾ ਘਰ ਘਰ ਪਹੁੰਚ ਸਕੇ ਤੇ ਜ਼ਿਲ੍ਹੇ ਦੇ ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਇਆ ਜਾ ਸਕੇ ਉਹਨਾਂ ਨੇ ਅੱਗੇ ਕਿਹਾ ਕੇ ਲਗਾਤਾਰ ਖੜੇ ਪਾਣੀ ਵਿੱਚ ਲਾਰਵੇ ਦੇ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ ਇਸ ਲਈ ਮਲਟੀਪਰਪਜ ਟੀਮਾਂ ਲਗਾਤਾਰ ਵੱਖ ਵੱਖ ਥਾਵਾਂ ਤੇ ਲਾਰਵੇ ਦਾ ਨਰੀਖਣ ਕਰ ਰਹੀਆਂ ਹਨ ਉਹਨਾਂ ਕਿਹਾ ਕੇ ਅਗਾਮੀ ਦਿਨਾਂ ਦੇ ਵਿੱਚ ਡੇਂਗੂ ਦੇ ਕੇਸ ਵਧਣ ਦੇ ਅਸਾਰ ਹੁੰਦੇ ਹਨ ਇਸ ਲਈ ਜਿਲ੍ਹੇ ਦੇ ਵਿੱਚ ਸਰਵੇਲੈਂਸ ਹੋਰ ਵਧਾਈ ਗਈ ਹੈ , ਉਹਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕੇ ਘਰਾਂ, ਦਫਤਰਾਂ ਵਿੱਚ ਕਿਸੇ ਵੀ ਥਾਂ ਵਾਧੂ ਪਾਣੀ ਨਾ ਖੜਨ ਦਿੱਤਾ ਜਾਵੇ ਅਤੇ ਮੱਛਰ ਤੇ ਕੱਟਣ ਤੋਂ ਬਚਾਅ ਕੀਤਾ ਜਾਵੇ ਅਤੇ ਬੁਖਾਰ ਹੋਣ ਤੇ ਸਰਕਾਰੀ ਸਿਹਤ ਸੰਸਥਾ ਦੇ ਵਿੱਚ ਸੰਪਰਕ ਕੀਤਾ ਜਾਵੇ ਇਸ ਮੌਕੇ ਉਹਨਾਂ ਨਾਲ ਸਹਾਇਕ ਸਿਵਲ ਸਰਜਨ ਡਾ. ਸਜ਼ੀਲਾ ਖਾਨ, ਜਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ,ਜਿਲ੍ਹਾ ਮਾਸ ਮੀਡੀਆ ਵਿੰਗ ਤੋਂ ਰਣਵੀਰ ਸਿੰਘ ਢੰਡੇ, ਰਾਜੇਸ਼ ਰਿਖੀ ਵੀ ਹਾਜ਼ਰ ਸਨ

# ਭਾਵਾਧਸ ਵਿਸ਼ਾਲ ਸ਼ੋਭਾ ਯਾਤਰਾ 19 ਅਕਤੂਬਰ ਦਿਨ ਸ਼ਨੀਵਾਰ ਨੂੰ ਸਜਾਈ ਜਾਵੇਗੀ,



ਸ੍ਰੀ ਮਾਛੀਵਾੜਾ ਸਾਹਿਬ— (ਲੋਕ ਬਾਣੀ)—ਭਾਰਤੀਯ ਵਾਲਮੀਕਿ ਧਰਮ ਸਮਾਜ ਰਜਿ ਭਾਵਾਧਸ ਵੱਲੋਂ ਪਰਮਪਿਤਾ ਪਰਮਾਤਮਾ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪਾਵਨ ਪ੍ਰਗਟ ਦਿਵਸ ਦੇ ਸਬੰਧ ਵਿੱਚ ਸਜਾਈ ਜਾਣ ਵਾਲੀ ਵਿਸ਼ਾਲ ਸ਼ੋਭਾ ਯਾਤਰਾ ਦਾ ਕਾਰਡ ਰਿਲੀਜ਼ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਵਾਧਸ ਆਗੂ ਨੰਬਰਦਾਰ ਰੋਸ਼ਨ ਹੰਸ ਨੇ ਦੱਸਿਆ ਕਿ ਪਾਵਨ ਪਰਗਟ ਦਿਵਸ ਦੇ ਸਬੰਧ ਵਿੱਚ ਵਿਸ਼ਾਲ ਸ਼ੋਭਾ ਯਾਤਰਾ 19 ਅਕਤੂਬਰ ਦਿਨ ਸ਼ਨੀਵਾਰ ਨੂੰ ਸਜਾਈ ਜਾਵੇਗੀ, ਜੋ ਕਿ ਭਗਵਾਨ ਵਾਲਮੀਕਿ ਮੰਦਰ ਤੋਂ ਆਰੰਭ ਹੋ ਕੇ ਪੂਰੇ ਸ਼ਹਿਰ ਦੀ ਪਰਿਕਰਮਾ ਕਰਨ ਉਪਰੰਤ ਭਗਵਾਨ ਵਾਲਮੀਕਿ ਮੰਦਰ ਵਿਖੇ ਸਮਾਪਤ ਹੋਵੇਗੀ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ ਪੀਏ ਹਲਕਾ ਵਿਧਾਇਕ, ਐਨਜੀਓ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਪ੍ਰੇਮ ਸਾਗਰ ਪਾਮੇ, ਪਵਨ ਕੁਮਾਰ ਬੱਗਣ, ਲਾਲ ਚੰਦ ਪਾਮੇ, ਭਾਵਾਧਸ ਪ੍ਰਧਾਨ ਮਿੱਕੂ ਹੰਸ, ਨੀਰਜ ਮੱਟੂ, ਜਸ਼ਨ ਪਾਮੇ, ਦੀਪਕ ਬੱਗਣ, ਜਗਦੀਸ ਚਾਨਣਾ, ਪ੍ਰਵੀਨ ਮੱਕੜ, ਧਰਮਵੀਰ ਧੰਮੀ, ਜਸ਼ਨ ਕੁਮਾਰ, ਲਕਸ਼ ਪਾਮੇ ਆਦਿ ਹਾਜ਼ਰ ਸਨ।

# ਪੰਚਾਇਤ ਦੌਰਾਨ ਇਤਰਾਜ ਵਾਲੇ ਦਿਨ ਅਕਾਲੀ ਆਗੂਆਂ ਨੇ ਲਗਾਏ ਧੱਕੇਸ਼ਾਹੀ ਦੇ ਦੋਸ਼

ਸ੍ਰੀ ਮਾਛੀਵਾੜਾ ਸਾਹਿਬ, (ਲੋਕ ਬਾਣੀ) - ਮਾਛੀਵਾੜਾ ਬਲਾਕ ਪੰਚਾਇਤ ਦਫ਼ਤਰ ਵਿਖੇ ਅੱਜ ਪੰਚਾਇਤੀ ਚੋਣਾਂ ਸਬੰਧੀ ਉਮੀਦਵਾਰਾਂ ’ਤੇ ਇਤਰਾਜ ਲਗਾਉਣ ਦਾ ਦਿਨ ਸੀ ਪਰ ਉਥੇ ਅਕਾਲੀ ਆਗੂਆਂ ਨੇ ਨਾਅਰੇਬਾਜ਼ੀ ਕਰਦਿਆਂ ਧੱਕੇਸ਼ਾਹੀ ਦੇ ਦੋਸ਼ ਲਗਾਏ ਹਨ। ਅਕਾਲੀ ਦਲ ਦੇ ਸਰਕਲ ਜਥੇਦਾਰ ਤੇ ਪਿੰਡ ਜਾਤੀਵਾਲ ਦੇ ਸਾਬਕਾ ਸਰਪੰਚ ਕੁਲਦੀਪ ਸਿੰਘ ਜਾਤੀਵਾਲ ਨੇ ਦੱਸਿਆ ਕਿ ਅੱਜ ਉਮੀਦਵਾਰਾਂ ’ਤੇ ਇਤਰਾਜ ਦਾਖਲ ਕਰਨ ਦਾ ਦਿਨ ਸੀ ਅਤੇ ਜਦੋਂ ਸਾਡੇ ਪਿੰਡ ਦੇ ਇੱਕ ਵਿਅਕਤੀ ਨੇ ਉਮੀਦਵਾਰ ’ਤੇ ਇਤਰਾਜ ਲਗਾਇਆ ਕਿ ਉਹ ਪਿੰਡ ਦੀ ਪੰਚਾਇਤੀ ਜਮੀਨ ’ਤੇ ਨਾਜਾਇਜ਼ ਕਾਬਜਕਾਰ ਹੈ ਜਿਸ ਕਾਰਨ ਉਹ ਚੋਣ ਨਹੀਂ ਲੜ ਸਕਦਾ। ਜਥੇਦਾਰ ਜਾਤੀਵਾਲ ਨੇ ਦੋਸ਼ ਲਗਾਇਆ ਕਿ ਜਦੋਂ ਇਤਰਾਜ ਲੈ ਕੇ ਕਲੱਸਟਰ ਨੰਬਰ 5 ਦੇ ਚੋਣ ਅਧਿਕਾਰੀ ਕੋਲ ਗਏ ਤਾਂ ਉਸ ਨੇ ਧੱਕੇਸ਼ਾਹੀ ਕਰਦਿਆਂ ਇਹ ਇਤਰਾਜ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਸਾਡੇ ਨਾਲ ਬਦਸਲੂਕੀ ਕੀਤੀ। ਜਥੇਦਾਰ ਜਾਤੀਵਾਲ ਨੇ ਕਿਹਾ ਕਿ ਇਹ ਨਿਰਪੱਖ ਚੋਣਾਂ ਨਹੀਂ ਬਲਕਿ ਸਿੱਧੇ ਤੌਰ ’ਤੇ ਧੱਕੇਸ਼ਾਹੀ ਕਰਕੇ ਚੋਣ ਅਧਿਕਾਰੀ ਸੱਤਾਧਿਰ ਦੇ ਸਮਰਥਕ ਉਮੀਦਵਾਰਾਂ ਨੂੰ ਜਿਤਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਸ ਧੱਕੇਸ਼ਾਹੀ ਖਿਲਾਫ਼ ਉਹ ਮਾਣਯੋਗ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ ਅਤੇ ਵਧੀਕੀ ਕਰਨ ਵਾਲੇ ਚੋਣ ਅਧਿਕਾਰੀ ਖਿਲਾਫ਼ ਸਖ਼ਤ ਕਾਰਵਾਈ ਕਰਵਾਉਣਗੇ।



ਅਕਾਲੀ ਆਗੂਆਂ ਨਾਲ ਧੱਕੇਸ਼ਾਹੀ ਹੋਣ ’ਤੇ ਭਾਰੀ ਗਿਣਤੀ ’ਚ ਉਨ੍ਹਾਂ ਦੇ ਸਮਰਥਕ ਇਕੱਠੇ ਹੋ ਗਏ ਜਿਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਨਿਰਪੱਖ ਚੋਣਾਂ ਕਰਵਾਉਣ ਦੇ ਦਾਅਵੇ ਬੇਬੁਨਿਆਦ ਹਨ। ਇਸ ਮੌਕੇ ਹਰਜਿੰਦਰ ਸਿੰਘ ਖੇੜਾ, ਅਰਵਿੰਦਰਪਾਲ ਸਿੰਘ ਵਿੱਕੀ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ ਆਦਿ ਵੀ ਮੌਜੂਦ ਸਨ।

**ਕੀ ਕਹਿਣਾ ਹੈ ਚੋਣ ਅਧਿਕਾਰੀ ਦਾ**

ਕਲੱਸਟਰ ਨੰਬਰ 5 ਦੇ ਚੋਣ ਅਧਿਕਾਰੀ ਸੁੰਦਰ ਕੁਮਾਰ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਇਤਰਾਜ ਲਗਾਉਣ ਦਾ ਸਮਾਂ 3 ਵਜੇ ਤੱਕ ਸੀ ਪਰ ਉਕਤ ਵਿਅਕਤੀ ਸਮੇਂ ਤੋਂ ਬਾਅਦ ਆਏ ਜਿਸ ਕਾਰਨ ਉਨ੍ਹਾਂ ਨੇ ਇਤਰਾਜ ਨਹੀਂ ਲਿਆ। ਸੁੰਦਰ ਕੁਮਾਰ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੇ ਵੀ ਸਾਡੇ ਨਾਲ ਦੁਰਵਿਵਹਾਰ ਕੀਤਾ।

# ਸਰਕਾਰੀ ਕਾਲਜ, ਮਾਛੀਵਾੜਾ ਵਿਖੇ ਪੁਸਤਕ ਸਮੀਖਿਆ ਤੇ ਵਿਚਾਰ ਚਰਚਾ ਕਰਵਾਈ।




ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ)—ਅੱਜ ਸਰਕਾਰੀ ਕਾਲਜ, ਮਾਛੀਵਾੜਾ ਵਿਖੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਰਮਨਜੀਤ ਕੌਰ ਜੀ ਦੀ ਅਗਵਾਈ ਹੇਠ ਲੜੀਵਾਰ ਪੁਸਤਕ ਸਮੀਖਿਆ ਕਰਵਾਈ ਗਈ। ਇਸ ਲੜੀਵਾਰ ਪ੍ਰਕਿਰਿਆ ਅਧੀਨ ਅੱਜ ਪ੍ਰੋ. ਕਮਲ ਕਿਸ਼ੋਰ ਨੇ ਪ੍ਰਸਿੱਧ ਲੇਖਿਕਾ ਚਿਤਰਾ ਬੈਨਰਜੀ ਦੁਆਰਾ ਲਿਖੀ ਗਈ ਕਿਤਾਬ, ਦੀ ਲਾਸਟ ਕੁਈਨ ਦੀ ਸਮੀਖਿਆ ਕੀਤੀ। ਉਨਾਂ ਕਿਤਾਬ ਤੇ ਚਰਚਾ ਕਰਦੇ ਹੋਏ ਦੱਸਿਆ ਕਿ ਲੇਖਿਕਾ ਨੇ ਮਹਾਰਾਣੀ ਜਿੰਦ ਕੌਰ ਦੇ ਜੀਵਨ ਸੰਘਰਸ਼, ਲਾਹੌਰ ਦਰਬਾਰ ਅਤੇ ਅੰਗਰੇਜ਼ ਸਿੱਖ ਸੰਘਰਸ਼ ਦੌਰਾਨ ਰਾਣੀ ਜਿੰਦਾ ਦੀ ਦ੍ਰਿੜ ਅਗਵਾਈ ਨੂੰ ਬੜੀ ਖ਼ੂਬਸੂਰਤੀ ਨਾਲ ਚਿੱਤਰਤ ਕੀਤਾ ਹੈ। ਫਿਕਸ਼ਨ ਫਾਰਮ ਵਿੱਚ ਲਿਖੀ ਇਸ ਕਿਤਾਬ ਦੇ ਅਧਿਐਨ ਦੌਰਾਨ ਤੁਹਾਨੂੰ ਘਟਨਾਕ੍ਰਮ ਸਾਹਮਣੇ ਵਾਪਰਦਾ ਪ੍ਰਤੀਤ ਹੁੰਦਾ ਹੈ। ਪ੍ਰੋ. ਰਮਨਜੀਤ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸਬੰਧਤ ਰੋਚਕ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਪ੍ਰੋ.ਰਾਜ ਕੁਮਾਰ, ਪ੍ਰੋ. ਅਮਰਦੀਪ ਸਿੰਘ ਅਤੇ ਪ੍ਰੋ. ਨੇਹਾ ਚੋਪੜਾ ਵੀ ਹਾਜ਼ਰ ਸਨ।

# ਪੁਰਾਣੀਆਂ ਤੇ ਘਾਤਕ ਬਿਮਾਰੀਆਂ ਤੋਂ ਮੁਕਤੀ ਲਈ ਰਾਮਬਾਣ ਸਿੱਧ ਹੋ ਰਹੀ ਸੀ ਐਮ ਦੀ ਯੋਗਸ਼ਾਲਾ

ਜ਼ੀਰਕਪੁਰ , (ਲੋਕ ਬਾਣੀ) ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਨਾਲ ਜੋੜਨ ਲਈ ਚਲਾਈ ਸੀ ਐਮ ਦੀ ਯੋਗਸ਼ਾਲਾ ਹੁਣ ਆਮ ਲੋਕਾਂ ਲਈ ਖਿੱਚ ਦਾ ਕੇਂਦਰ ਬਣ ਲੱਗੀ ਹੈ। ਯੋਗਾ ਕਲਾਸਾਂ ’ਚ ਲੋਕਾਂ ਦੀ ਵਧਦੀ ਮੈਂਬਰਸ਼ਿੱਪ ਅਤੇ ਲੋਕਾਂ ਨੂੰ ਮਿਲ ਰਹੀ ਪੁਰਾਣੀਆਂ ਅਤੇ ਘਾਤਕ ਬਿਮਾਰੀਆਂ ਤੋਂ ਰਾਹਤ ਲੋਕਾਂ ਨੂੰ ਯੋਗਾ ਦੀ ਅਹਿਮੀਅਤ ਬਾਰੇ ਦੱਸ ਰਹੀ ਹੈ।

ਇਹ ਪ੍ਰਗਟਾਵਾ ਕਰਦਿਆਂ ਸੀ ਐਮ ਦੀ ਯੋਗਸ਼ਾਲਾ ਦੇ ਜ਼ਿਲ੍ਹਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਤਹਿਤ ਚਲਾਈਆਂ ਜਾ ਰਹੀਆਂ ਯੋਗਾ ਕਲਾਸਾਂ ਵਾਸਤੇ ਮਾਹਿਰ ਯੋਗਾ ਟ੍ਰੇਨਰ ਲਾਏ ਗਏ ਹਨ ਜੋ ਯੋਗਾ ਵਿੱਚ ਘੱਟੋ-ਘੱਟ ਪੀ ਜੀ ਡਿਪਲੋਮਾ/ ਡਿਗਰੀ ਹੋਲਡਰ ਹਨ। ਇੱਕ ਟ੍ਰੇਨਰ ਨੂੰ ਦਿਨ ’ਚ ਇੱਕ-ਇੱਕ ਘੰਟੇ ਦੀ ਮਿਆਦ ਦੀਆਂ 6-6 ਕਲਾਸਾਂ ਦਿੱਤੀਆਂ ਜਾਂਦੀਆਂ ਹਨ ਜੋ ਸਵੇਰ ਤੋਂ ਲੈ ਕੇ ਸ਼ਾਮ ਤੱਕ ਚਲਦੀਆਂ ਹਨ।

ਉਨ੍ਹਾਂ ਦੱਸਿਆ ਕਿ ਜ਼ੀਰਕਪੁਰ ਦੇ ਬਚਪਨ ਸਕੂਲ ਪਾਰਕ (ਸਵੇਰ ਤੇ ਸ਼ਾਮ ਦੀਆਂ ਦੋ ਕਲਾਸਾਂ), ਟਿਊਬਵੈੱਲ ਪਾਰਕ ਜਰਨੈਲ ਐਨਕਲੇਵ-1, ਸ੍ਰੀ ਚਰਨ ਕਮਲ ਸਾਹਿਬ ਗੁਰਦੁਆਰਾ, ਸੰਤ ਨਿਰੰਕਾਰੀ ਭਵਨ, ਜਰਨੈਲ ਦੌਲਤ ਸਿੰਘ ਪਾਰਕ ਭਬਾਤ ਵਿਖੇ ਯੋਗਾ ਕਲਾਸਾਂ ਲੈ ਰਹੀ ਯੋਗਾ ਟ੍ਰੇਨਰ ਸ਼ੀਤਲ ਚੰਡੀਗੜ੍ਹ ਦੇ ਸੈਕਟਰ 23 ਦੇ ਕਲਾਜ ਤੋਂ ਯੋਗਾ ’ਚ ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ ਹੋਣ ਤੋਂ ਬਾਅਦ ਹੁਣ ਆਪਣੀ ਪੋਸਟ ਗ੍ਰੈਜੂਏਟ ਡਿਗਰੀ ਵੀ ਨਾਲੋ-ਨਾਲ ਕਰ ਰਹੀ ਹੈ। ਉਸ ਕੋਲ ਯੋਗਾ ਸਿੱਖਣ ਆ ਰਹੇ ਲੋਕ ਆਪਣੀ ਜੀਵਨ ਸ਼ੈਲੀ ’ਚ ਵੱਡਾ ਬਦਲਾਅ ਮਹਿਸੂਸ ਕਰ ਰਹੇ ਹਨ।

ਸ਼ੀਤਲ ਅਨੁਸਾਰ ਉਸ ਕੋਲ 150 ਤੋਂ ਵਧੇਰੇ ਭਾਗੀਦਾਰ ਰੋਜ਼ਾਨਾ ਲਾਈਆਂ ਜਾ ਰਹੀਆਂ 6 ਯੋਗਾ ਕਲਾਸਾਂ ’ਚ ਆਉਂਦੇ ਹਨ, ਜਿਨ੍ਹਾਂ ’ਚੋਂ ਦੋ ਕੇਸਾਂ ਦਾ ਜ਼ਿਕਰ ਕਰਨਾ ਉਹ ਬਹੁਤ ਜ਼ਰੂਰੀ ਸਮਝਦੀ ਹੈ। ਇਨ੍ਹਾਂ ’ਚੋਂ ਇੱਕ ਮਹਿਲਾ ਨੂੰ ਯੋਗਾ ਤੋਂ ਬਾਅਦ ਛਾਤੀ ਦੇ ਕੈਂਸਰ ਜਿਹੀ ਸਮੱਸਿਆ ਤੋਂ ਰਾਹਤ ਮਿਲੀ ਹੈ ਜਦਕਿ ਇੱਕ ਹੋਰ ਮਹਿਲਾ ਨੂੰ ਬ੍ਰੇਨ ਦੀ ਟਿਊਮਰ ਵਰਗੀ ਬਿਮਾਰੀ ਤੋਂ ਰਾਹਤ ਮਹਿਸੂਸ ਹੋਈ ਹੈ। ਉਸ ਦਾ ਕਹਿਣਾ ਹੈ ਕਿ ਉਹ ਖ਼ੁਦ ਇਨ੍ਹਾਂ ਦੋਵਾਂ ਨੂੰ ਯੋਗਾ ਤੋਂ ਮਿਲੇ ਇਸ ਕਦਰ ਲਾਭ ਨੂੰ ਵੱਡਾ ਕ੍ਰਿਸ਼ਮਾ ਮੰਨਦੀ ਹੈ।



ਇਸ ਤੋਂ ਇਲਾਵਾ ਸਰਵਾਇਕਲ ਦੇ ਦਰਦ, ਸ਼ੂਗਰ, ਬੀ ਪੀ ਦੀ ਸਮੱਸਿਆ, ਜੋੜਾਂ ਤੇ ਗੋਡਿਆਂ ਦੇ ਦਰਦ ਤੇ ਮੋਟਾਪੇ ਨਾਲ ਜੂਝਦੇ ਲੋਕ ਆਪਣੀਆਂ ਇਨ੍ਹਾਂ ਮੁਸ਼ਕਿਲਾਂ ਤੋਂ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ। ਉਸ ਦਾ ਕਹਿਣਾ ਹੈ ਕਿ ਹਫ਼ਤੇ ’ਚ 6 ਦਿਨ ਕਲਾਸਾਂ ਲਾਈਆਂ ਜਾਂਦੀਆਂ ਹਨ ਅਤੇ ਛੁੱਟੀ ਦੇ ਦਿਨ ਉਨ੍ਹਾਂ ਨੂੰ ਘਰ ’ਚ ਆਪਣੇ ਆਪ ਇਸ ਅਭਿਆਸ ਨੂੰ ਦੁਹਰਾਉਣ ਲਈ ਕਿਹਾ ਜਾਂਦਾ ਹੈ। ਉਸ ਦਾ ਕਹਿਣਾ ਹੈ ਕਿ ਯੋਗਾ ਅਤੇ ਮੈਡੀਟੇਸ਼ਨ ਸਰੀਰ ਅਤੇ ਦਿਮਾਗ ਨੂੰ ਆਰਾਮ ਪਹੁੰਚਾਉਂਦੇ ਹਨ, ਇਸ ਲਈ ਸਾਨੂੰ ਇਸ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੀ ਐਮ ਦੀ ਯੋਗਸ਼ਾਲਾ ਤਹਿਤ ਯੋਗਾ ਕਲਾਸ ’ਚ ਆਉਣ ਵਾਲਿਆਂ ਤੋਂ ਕੋਈ ਫ਼ੀਸ ਨਹੀਂ ਲਈ ਜਾਂਦੀ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੈਂਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022-2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565